# ਗੁਰੂ ਨਾਨਕ ਬਾਣੀ ਦਾ ਬ੍ਰਹਿਮੰਡੀ ਪ੍ਰਵਚਨ

**ਡਾ. ਹਰਜੀਤ ਸਿੰਘ ਗਿੱਲ**

ਪ੍ਰੋਫ਼ੈਸਰ ਅਮੈਰੀਟਸ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ।
✆ 98722 66667

ਗੁਰੂ ਨਾਨਕ ਦੇਵ ਜੀ ਦੇ ਬ੍ਰਹਿਮੰਡੀ ਪ੍ਰਵਚਨ ਦੀ ਘੋਖ ਕਰਨ ਲਈ, ਅਸੀਂ ਉਹਨਾਂ ਦੀ ਰਚਨਾ ਜਪੁਜੀ ਸਾਹਿਬ ਨਾਲ ਸ਼ੁਰੂਆਤ ਕਰਦੇ ਹਾਂ, ਜਿਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਅਤੇ ਬੁਨਿਆਦੀ/ਮੂਲ ਪ੍ਰਵਚਨ ਮੰਨਿਆ ਜਾਂਦਾ ਹੈ। ਅਠੱਤੀ ਪਉੜੀਆਂ ਵਿਚ ਉਹ ਆਪਣਾ ਸ੍ਰਿਸ਼ਟੀ ਦਰਸ਼ਨ/ਬ੍ਰਹਿਮੰਡੀ ਦਰਸ਼ਨ ਪੇਸ਼ ਕਰਦੇ ਹਨ ਜੋ ਸਦੀਵੀ ਤੇ ਸਰਬਵਿਆਪਕ ਅਨੰਤ ਸੱਚ ਦੀ ਬ੍ਰਹਿਮੰਡਕ ਵਿਆਖਿਆ ਹੈ।

## ਪਾਠ ਦੀ ਪ੍ਰਸਤੁਤੀ/ਪੇਸ਼ਕਾਰੀ

*ੴ ਸਤਿ ਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥*

ਇਕ ਹੀ ਅਦੁੱਤੀ ਹਸਤੀ ਹੈ, ਜਿਸ ਦਾ ਨਾਮ ਸੱਚ ਹੈ, ਜੋ ਸਿਰਜਣਹਾਰ ਹੈ, ਜੋ ਭੈਅ ਅਤੇ ਧੜੇਬੰਧੀ ਤੋਂ ਮੁਕਤ ਹੈ, ਜਿਸ ਦਾ ਕੋਈ ਰੂਪ ਨਹੀਂ, ਜੋ ਜਨਮ ਮਰਨ ਤੋਂ ਪਰ੍ਹੇ ਹੈ ਜਿਸ ਦੀ ਸੁਰਤ/ਸੁਭਾਅ ਦਾ ਗੁਰੂ ਦੀ ਕ੍ਰਿਪਾ ਨਾਲ ਸਿਮਰਨ ਕੀਤਾ ਜਾਂਦਾ ਹੈ।

ਸਮੇਂ ਦੀ ਸ਼ੁਰੂਆਤ ਤੋਂ ਪਹਿਲਾਂ ਸੱਚ (ਆਦਿ ਵਿਚ ਸੱਚ ਸੀ) ਸ਼ੁਰੂਆਤ ਦੀ ਸ਼ੁਰੂਆਤ ਤੋਂ ਪਹਿਲਾਂ ਸੱਚ ਸੀ, ਇਤਿਹਾਸਿਕ ਕਾਲਾਂ ਦੌਰਾਨ ਵੀ ਉਹ ਸੱਚ ਕਾਇਮ ਰਿਹਾ। ਜੋ ਸਾਰਿਆਂ ਸਮਿਆਂ ਤੇ ਥਾਵਾਂ ਤੇ ਮੁੱਢ ਤੋਂ ਸੀ, ਹੁਣ ਹੈ ਅਤੇ ਹਮੇਸ਼ਾ ਤੱਕ ਕਾਇਮ ਰਹੇਗਾ। ਦੂਜੇ ਸ਼ਬਦਾਂ ਵਿਚ ਬ੍ਰਹਿਮੰਡ ਦੀ ਰਚਨਾ ਤੋਂ ਪਹਿਲਾਂ ਜਦੋਂ ਅਰਬਦ ਨਰਬਦ ਧੰਦੂਕਾਰਾ ਦੀ ਅਵਸਥਾ ਸੀ, ਭਾਵ ਪੂਰੀ ਤਰ੍ਹਾਂ ਹਨੇਰਾ ਸੀ, ਖਾਲੀਪਣ ਸੀ, ਸ਼ਿਊਨਯ (ਜ਼ੀਰੋ) ਅਵਸਥਾ ਸੀ,ਸੱਚ ਉਸ ਵੇਲੇ ਵੀ ਸੀ। ਵੱਖਾਂ-ਵੱਖਾਂ ਯੁੱਧਾਂ ਵਿੱਚ, ਵੱਖ-ਵੱਖ ਇਤਿਹਾਸਕ, ਅਤੇ ਮਾਨਵ ਵਿਗਿਆਨਕ ਸਮਿਆਂ ਵਿਚ ਇਹ ਸੱਚ ਪ੍ਰਬਲ ਸੀ। ਜਦ ਸਭ ਕੁਝ ਨਾਸ਼ ਹੋ ਜਾਵੇਗਾ, ਜਦ ਕੋਈ ਬ੍ਰਹਿਮੰਡ ਨਹੀਂ ਹੋਵੇਗਾ, ਤਦ ਵੀ ਇਹ ਮਹਾਨ ਸੱਚ ਬ੍ਰਹਮੰਡੀ ਬ੍ਰਹਮੰਡ ਵਿਚ ਨਿਵਾਸ ਕਰਦਾ ਰਹੇਗਾ।

ਬਾਬਾ ਨਾਨਕ, ਇਸ ਤਰ੍ਹਾਂ ਆਪਣੇ ਰੱਬ, ਆਪਣੇ ਸਿਰਜਣਹਾਰ ਨੂੰ ਪਰਿਭਾਸ਼ਿਤ ਕਰਦੇ ਹਨ। ਇਹ ਹਸਤੀ ਨਿਰਅਕਾਰ ਹੈ ਤੇ ਜੰਮਣ-ਮਰਨ ਅਤੇ ਸਮੇਂ ਅਤੇ ਸਥਾਨ ਤੋਂ ਪਰ੍ਹੇ ਹੈ। ਇਹ ਹਸਤੀ ਸਰਬ ਵਿਆਪਕ ਅਤੇ ਸਦੀਵੀ ਹੈ। ਉਸਦੀ ਕਲਪਨਾ ਇਕ ਮਾਨਵ ਵਿਗਿਆਨਿਕ ਹਸਤੀ, ਇਕ ਇਨਸਾਨ ਜਿਸ ਨੂੰ ਇਕ ਦਿਨ ਜੰਮਣਾ ਜਾਂ ਮਰਨਾ ਪੈਂਦਾ, ਦੇ ਰੂਪ ਵਿਚ ਨਹੀਂ ਕੀਤੀ ਜਾ ਸਕਦੀ। ਉਹ ਨਿਰਾਕਾਰ ਹੈ, ਉਸਦਾ ਕੋਈ ਰੂਪ, ਸਰੀਰ ਅਤੇ ਮਾਨਵ ਵਿਗਿਆਨਿਕ ਵਿਸ਼ੇਸ਼ਤਾਵਾਂ ਨਹੀਂ ਹਨ। ਗੁਰੂ ਦੀ ਕਿਰਪਾ ਨਾਲ ਮਨੁੱਖ ਇਸ ਸਿਰਜਣਹਾਰ, ਅਮੂਰਤ ਹਸਤੀ ਦਾ ਧਿਆਨ ਕਰ ਸਕਦੇ ਹਨ। ਇਹ ਧਿਆਨ/ਚਿੰਤਨ ਉਸ ਬ੍ਰਹਿਮੰਡ ਦੇ ਭੇਦ ਨੂੰ ਸਮਝਣ ਦੀ ਕੋਸ਼ਿਸ਼ ਹੈ, ਜੋ ਉੱਚ ਕੋਟੀ ਦੇ ਸੱਚ ਨਾਲ ਭਰਿਆ ਹੋਇਆ ਹੈ, ਜਿਸ ਨੇ ਭੂਤਕਾਲ, ਵਰਤਮਾਨ ਅਤੇ ਭਵਿੱਖ ਨੂੰ ਆਪਣੇ ਅੰਦਰ ਸਮੇਟਿਆ ਹੋਇਆ ਹੈ।

*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥*
*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥*
*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥*
*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥*
*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥*

**ਅਨੁਵਾਦਕ: ਪ੍ਰੋ. ਵਿਜੇ ਬਰਨਾਰਡ, ਪ੍ਰੋ. ਦਲਜੀਤ ਸਿੰਘ**
ਅੰਗਰੇਜ਼ੀ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ

ਇਸ ਸੱਚ ਤੱਕ ਨਾ ਬੁੱਧੀ ਅਭਿਆਸਾਂ ਨਾਲ, ਨਾ ਯੋਗ ਸਾਧਨਾ, ਤਪੱਸਿਆ, ਚੁੱਪ ਰਹਿਣ ਨਾਲ, ਨਾ ਆਪਣੇ ਆਪ ਨੂੰ ਭੁੱਖਿਆ ਰੱਖਣ ਨਾਲ, ਚਤੁਰ ਗੱਲਾਂ ਨਾਲ ਜਾਂ ਵੱਖ-ਵੱਖ ਧਾਰਮਿਕ ਰਸਮਾਂ ਨਾਲ ਪਹੁੰਚਿਆ ਜਾ ਸਕਦਾ ਹੈ। ਝੂਠ ਅਤੇ ਮਾਇਆ ਦੀ ਕੰਧ ਸਿਰਫ਼ ਰਚਨਹਾਰ ਦੀ ਮਰਜ਼ੀ/ਰਜ਼ਾ ਨਾਲ ਅਤੇ ਬ੍ਰਹਿਮੰਡਕ ਹੁਕਮ ਦੀ ਪਾਲਣਾ ਕਰਕੇ ਹੀ ਟੁੱਟ ਸਕਦੀ ਹੈ।

ਇਸ ਬ੍ਰਹਿਮੰਡਕ ਤਾਲਮੇਲ, ਬ੍ਰਹਿਮੰਡਕ ਲੈਅ ਅਤੇ ਬ੍ਰਹਿਮੰਡਕ ਹੁਕਮ ਦੀ ਸਮਝ ਹੈ, ਜੋ ਸਾਨੂੰ ਇਸ ਸੰਸਾਰ ਦੇ ਭੇਦ ਨੂੰ ਸਮਝਣ ਦੇ ਯੋਗ ਬਣਾਉਂਦੀ ਹੈ। ਸਪਸ਼ਟ ਤੌਰ ਤੇ ਬਾਬਾ ਨਾਨਕ ਦੈਵੀ ਹੁਕਮ ਨੂੰ ਸਮਝਣ ਲਈ ਯੋਗੀਆਂ ਦੀ ਤਪੱਸਿਆ ਜਾਂ ਹੋਰ ਧਾਰਮਿਕ ਰਸਮਾਂ ਨੂੰ ਸਾਧਨ ਵਜੋਂ ਨਕਾਰਦੇ ਹਨ। ਇਥੇ ਮੂਲ ਵਿਰੋਧ ਸੱਚ ਅਤੇ ਝੂਠ, ਹਕੀਕਤ ਅਤੇ ਮਾਇਆ ਵਿਚਕਾਰ ਹੈ। ਇਸ ਨੂੰ ਕੇਵਲ ਸਰੀਰਕ ਕਿਰਿਆਵਾਂ ਨਾਲ ਹੱਲ ਨਹੀਂ ਕੀਤਾ ਜਾ ਸਕਦਾ ਹੈ। ਇਹ ਸਮਝ, ਧਿਆਨ ਅਤੇ ਚਿੰਤਨ ਦੀ ਗੱਲ ਹੈ। 'ਜਪ' ਸ਼ਬਦ ਦਾ ਅਰਥ ਇੱਥੇ ਸਿਰਫ਼ ਕਿਸੇ ਸ਼ਬਦ ਦੀ ਬਾਰ-ਬਾਰ ਦੁਹਰਾਈ ਨਹੀਂ ਹੈ, ਭਾਵੇਂ ਇਹ ਕਿੰਨਾ ਵੀ ਪਵਿੱਤਰ ਕਿਉਂ ਨਾ ਹੋਵੇ। ਬਾਬਾ ਨਾਨਕ ਅਜਿਹੀਆਂ ਰਸਮੀ ਦੁਹਰਾਈਆਂ ਦੀ ਸਖ਼ਤ ਨਿਖੇਧੀ ਕਰਦੇ ਹਨ। ਸੱਚ ਇਕ ਵਿਚਾਰਧਾਰਾਤਮਕ ਧਾਰਨਾ ਹੈ, ਇਕ ਬ੍ਰਹਿਮੰਡਕ ਸਰੰਚਨਾ ਹੈ ਜਿਸ ਤੇ ਧਿਆਨ ਕਰਨਾ/ਚਿੰਤਨ ਕਰਨਾ, ਬ੍ਰਹਿਮੰਡਕ ਹੁਕਮ ਦੀ ਪਾਲਣਾ ਕਰਨ ਲਈ ਜ਼ਰੂਰੀ ਹੈ।

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥*
*ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥*
*ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥*
*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥*
*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥*

ਇਹ ਬ੍ਰਹਿਮੰਡਕ ਹੁਕਮ ਰਚਨਹਾਰ ਦੀ ਰਜ਼ਾ ਅਨੁਸਾਰ ਚੱਲਦਾ ਹੈ। ਇਹ ਰਜ਼ਾ/ ਮਰਜ਼ੀ ਇਕ ਤਰੀਕੇ ਨਾਲ ਬ੍ਰਹਿਮੰਡ ਦੀ ਲੈਅ ਅਤੇ ਤਾਲਮੇਲ ਹੈ। ਸਭ ਦੁੱਖ-ਸੁੱਖ ਇਸੇ ਹੀ ਰਜ਼ਾ ਦੇ ਅਧੀਨ ਹਨ। ਕੁਝ ਲੋਕ ਅਜਿਹੇ ਹਨ ਜੋ ਧੰਨ ਅਤੇ ਰਚਨਹਾਰ ਦੀ ਕਿਰਪਾ ਨਾਲ ਆਨੰਦ ਮਾਣਦੇ ਹਨ ਅਤੇ ਕੁਝ ਹੋਰ ਹਨ ਜੋ ਸਦਾ ਦੁੱਖ ਸਹਿੰਦੇ ਹਨ। ਸਾਰਾ ਬ੍ਰਹਿਮੰਡ- ਚਾਹੇ ਮਨੁੱਖੀ ਹੋਵੇ ਜਾਂ ਸ੍ਰਿਸ਼ਟੀ ਸੰਬੰਧੀ- ਇਸ ਹੁਕਮ ਦੀ ਪਾਲਣਾ ਕਰਦਾ ਹੈ। ਜੋ ਇਸ ਰਜ਼ਾ ਨੂੰ ਸਮਝ ਲੈਂਦੇ ਹਨ, ਉਹ ਅਹੰਕਾਰ ਨਹੀਂ ਕਰਦੇ। ਉਹ ਨਿਮਰਤਾ ਅਤੇ ਕਿਰਪਾ ਨਾਲ ਇਸ ਹੁਕਮ ਅਨੁਸਾਰ ਜੀਵਨ ਬਿਤਾਉਂਦੇ ਹਨ।

*ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥*
*ਗਾਵੈ ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰਿ ਦੇਹ॥*
*ਗਾਵੈ ਕੋ ਜਾਪੈ ਦਿਸੈ ਦੂਰਿ॥ ਗਾਵੈ ਕੋ ਵੇਖੈ ਹਾਦਰਾ ਹਦੂਰਿ॥*
*ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥*
*ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥*
*ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ ॥੩॥*

ਕੁਝ ਲੋਕ ਉਹਨਾਂ ਦੀ ਵਡਿਆਈ ਗਾਉਂਦੇ ਹਨ ਜੋ ਧਿਆਨ ਅਤੇ ਚਿੰਤਨ ਕਰਦੇ ਹਨ, ਜੋ ਆਪਣੀ ਬੁੱਧੀ ਨਾਲ ਬ੍ਰਹਿਮੰਡ ਦੇ ਭੇਦ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਕੁਝ ਅਜਿਹੇ ਲੋਕ ਵੀ ਹਨ ਜੋ ਤੁਰੰਤ ਦੈਵੀ ਹਾਜ਼ਰੀ ਨੂੰ ਮਹਿਸੂਸ ਕਰਦੇ ਹਨ ਅਤੇ ਦੈਵੀ ਕਿਰਪਾ ਨਾਲ ਨਿਵਾਜ਼ੇ ਜਾਂਦੇ ਹਨ। ਇਹ ਬ੍ਰਹਿਮੰਡਕ ਭੇਦ ਸ਼ਬਦਾਂ ਵਿਚ ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ। ਬੇਅੰਤ ਵਾਦ-ਵਿਵਾਦ ਅਤੇ ਚਰਚਾਵਾਂ ਪਹਿਲਾਂ ਹੀ ਇਸ ਭੇਦ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਚੁੱਕੀਆਂ ਹਨ, ਪਰ ਉਹ ਆਪਣੇ ਹੀ ਸ਼ਬਦਾਂ ਦੇ ਜਾਲ ਵਿਚ ਫਸ ਜਾਂਦੀਆਂ ਹਨ। ਅਨੰਤ ਸਮੇਂ ਤੋਂ ਇਹ ਖੋਜ ਜਾਰੀ ਹੈ ਪਰ ਕੋਈ ਵੀ ਇਸ ਬ੍ਰਹਿਮੰਡਕ ਭੇਦ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕਿਆ। ਕੇਵਲ ਉਹ ਹੀ, ਜਿਸ ਨੇ ਇਸ ਸ੍ਰਿਸ਼ਟੀ ਨੂੰ ਰਚਿਆ ਹੈ, ਆਪਣੀ ਸ੍ਰਿਸ਼ਟੀ ਦੇ ਭੇਦ ਨੂੰ ਜਾਣਦਾ ਹੈ।

*ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥*
*ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰ ॥*
*ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥*
*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵਿਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥*


**www.sanvad.org**
ISSN : 2395-1273

*ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥*

ਸੱਚਾ ਪ੍ਰਭੂ, ਜਿਸਦਾ ਨਾਮ ਹੀ ਸੱਚ ਹੈ, ਹਰ ਕਿਸਮ ਦੇ ਵਰਣਨ ਅਤੇ ਸਮਝ ਤੋਂ ਪਰੇ ਹੈ। ਉਸ ਦੀ ਦਇਆ ਅਤੇ ਕਿਰਪਾ ਸਦੀਵੀ ਹੈ। ਜੋ ਉਸਦੀ ਖੋਜ ਕਰਦੇ ਹਨ, ਉਹ ਵੀ ਗਿਣਤੀ ਤੋਂ ਪਰੇ ਹਨ। ਅਸੀਂ ਉਸਦੀ ਹਜ਼ੂਰੀ ਵਿਚ ਕੀ ਭੇਂਟ ਕਰ ਸਕਦੇ ਹਾਂ? ਅਸੀਂ ਸਿਰਫ ਪਿਆਰ, ਸਨੇਹ ਅਤੇ ਸੱਚੇ ਦਿਲ ਦੇ ਸ਼ਬਦ ਹੀ ਭੇਂਟ ਕਰ ਸਕਦੇ ਹਾਂ। ਸਵੇਰ ਦੇ ਅੰਮ੍ਰਿਤ ਵੇਲੇ, ਸਵੇਰ ਦੇ ਸਮੇਂ, ਇਹ ਪ੍ਰਾਰਥਨਾਵਾਂ ਦੀ ਭੇਂਟ ਚੜ੍ਹਾਈਆਂ ਜਾਂਦੀਆਂ ਹਨ। ਬਾਬੇ ਨਾਨਕ ਦਾ ਵਿਸ਼ਵਾਸ ਹੈ ਕਿ ਚੰਗੇ ਕਰਮਾਂ ਅਤੇ ਪਰਮਾਤਮਾ ਦੀ ਕਿਰਪਾ ਨਾਲ ਮਨੁੱਖ ਨੂੰ ਇਹ ਮਨੁੱਖੀ ਜਨਮ ਮਿਲਦਾ ਹੈ। ਇਹ ਸਾਡੇ ਲਈ ਆਪਣੇ ਆਪ ਨੂੰ ਮੁਕਤ ਕਰਨ ਦਾ ਮੌਕਾ ਹੈ। ਸੱਚ ਦੀ ਸਿੱਖਿਆ ਹੀ ਮਨੁੱਖ ਨੂੰ ਦੈਵੀ ਗਿਆਨ ਅਤੇ ਦੈਵੀ ਬ੍ਰਹਿਮੰਡ ਨੂੰ ਸਮਝਣ ਦੇ ਯੋਗ ਬਣਾਉਂਦੀ ਹੈ।

*ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥*
*ਜਿਨਿ ਸੇਵਿਆ ਤਿਨਿ ਪਾਇਆ ਮਾਨੁ॥ ਨਾਨਕ ਗਾਵੀਐ ਗੁਣੀ ਨਿਧਾਨੁ ॥*
*ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥*
*ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥*
*ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥*
*ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥*
*ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੫॥*

ਰਚਨਹਾਰ ਆਪ ਹੀ ਆਪਣੇ ਆਪ ਤੋਂ ਉਤਪੰਨ ਹੈ ਅਤੇ ਆਪ ਹੀ ਵਿਕਸਿਤ ਹੋਇਆ ਹੈ। ਉਸ ਦਾ ਕੋਈ ਹੋਰ ਰਚਨਹਾਰ ਨਹੀਂ ਹੈ। ਜੋ ਕੋਈ ਵੀ ਉਸ ਦੇ ਸਰੂਪ ਅਤੇ ਉਸ ਦੀ ਮਹਿਮਾ ਦਾ ਧਿਆਨ ਕਰਦਾ ਹੈ, ਉਹ ਸਨਮਾਨ ਪ੍ਰਾਪਤ ਕਰਦਾ ਹੈ। ਉਹ ਇਸ ਸੰਸਾਰ ਦੇ ਸਾਰੇ ਖਜ਼ਾਨਿਆਂ ਨੂੰ ਪ੍ਰਾਪਤ ਕਰ ਲੈਂਦਾ ਹੈ। ਉਸ ਦੀ ਸਤਿ ਕਰਨੀ, ਉਸਦੀ ਲੈਅ ਅਤੇ ਤਰਕ ਵਿਚ ਮਗਨ ਮਨੁੱਖ ਨੂੰ ਹੋਣ ਵਾਲੀ ਸ਼ਾਂਤੀ ਅਤੇ ਖੁਸ਼ਹਾਲੀ ਮਿਲਦੀ ਹੈ। ਗੁਰਮੁਖ- ਜੋ ਆਪਣੇ ਗੁਰੂ ਦੀ ਸਿੱਖਿਆ ਅਤੇ ਉਪਦੇਸ਼ ਦੀ ਪਾਲਣਾ ਕਰਦਾ ਹੈ- ਇਸ ਬ੍ਰਹਿਮੰਡ ਦੇ ਤਾਲ ਅਤੇ ਲੈਅ ਨੂੰ ਸਮਝ ਸਕਦਾ ਹੈ। ਗੁਰੂ ਹੀ ਈਸ਼ਵਰ ਹੈ, ਗੋਰਖ ਹੈ, ਬ੍ਰਹਮਾ ਹੈ ਅਤੇ ਸਾਰੇ ਦੇਵਤੇ ਅਤੇ ਰਿਸ਼ੀ ਉਸ ਦੇ ਅੰਦਰ ਸਮਾਏ ਹੋਏ ਹਨ। ਗੁਰੂ ਆਪਣੇ ਅੰਦਰ ਪਵਿੱਤਰ ਗ੍ਰੰਥਾਂ ਦਾ ਗਿਆਨ ਅਤੇ ਬੁੱਧੀ ਨੂੰ ਸਮੋਈ ਰੱਖਦਾ ਹੈ। ਗੁਰੂ ਦੇ ਚਿੰਤਨ ਵਿਚ ਸਿੱਖ ਇਸ ਬ੍ਰਹਿਮੰਡ ਦੇ ਸੱਚ ਦਾ ਅਨੁਸਰਨ ਕਰਦਾ ਹੈ। ਜਦੋਂ ਸਿੱਖ ਗੁਰੂ ਦੇ ਇਸ ਉਪਦੇਸ਼ ਨੂੰ ਸਮਝ ਲੈਂਦਾ ਹੈ, ਉਦੋਂ ਉਹ ਸੱਚੇ ਪ੍ਰਭੂ ਦੇ ਸੱਚ ਨੂੰ ਪ੍ਰਾਪਤ ਕਰ ਲੈਂਦਾ ਹੈ। ਉਹ ਸੱਚ ਵਿਚ ਜਿਉਂਦਾ ਹੈ। ਉਹ ਸੱਚੇ ਸ਼ਬਦ ਦੀ ਪਾਲਣਾ ਕਰਦਾ ਹੈ। ਗੁਰੂ ਨੇ ਉਸਨੂੰ ਇਸ ਬ੍ਰਹਿਮੰਡ ਦੇ ਭੇਦ ਨੂੰ ਸਮਝਾਇਆ ਹੈ ਕਿ ਸਿਰਫ ਇਕ ਹੀ ਰਚਨਹਾਰ ਹੈ, ਉਸਨੂੰ ਕਦੇ ਵੀ ਭੁੱਲਣਾ ਨਹੀਂ ਚਾਹੀਦਾ ਹੈ।

*ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥*
*ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥*
*ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥*
*ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥*

ਤੀਰਥ ਯਾਤਰਾਵਾਂ ਤੇ ਜਾਣਾ ਅਤੇ ਪਵਿੱਤਰ ਇਸ਼ਨਾਨ ਕਰਨਾ ਤਦ ਹੀ ਮਾਇਨੇ ਰੱਖਦਾ ਹੈ ਜਦੋਂ ਸਿੱਖ ਗੁਰੂ ਦੀ ਸਿੱਖਿਆ ਦੀ ਪਾਲਣਾ ਕਰਦਾ ਹੈ। ਜੇ ਇਹ ਰਚਨਹਾਰ ਦੀ ਮਰਜ਼ੀ ਵਿਚ ਨਹੀਂ ਤਾਂ ਕੋਈ ਵੀ ਚੀਜ਼ ਬੇਵੱਸ ਸਿੱਖ ਦੀ ਮਦਦ ਨਹੀਂ ਕਰ ਸਕਦੀ। ਚੰਗੇ ਕਰਮ ਅਤੇ ਬ੍ਰਹਿਮੰਡ ਦੀ ਲੈਅ ਤੇ ਸਰੂਪ ਬਾਰੇ ਸੱਚਾ ਚਿੰਤਨ ਹੀ ਮੁਕਤੀ ਵੱਲ ਲੈ ਕੇ ਜਾਂਦਾ ਹੈ। ਜੇਕਰ ਸਿੱਖ ਗੁਰੂ ਦੇ ਉਪਦੇਸ਼ ਦੀ ਪਾਲਣਾ ਕਰਦਾ ਹੈ, ਤਾਂ ਉਸ ਦੇ ਵਿਚਾਰਾਂ ਅਤੇ ਮਨ ਵਿਚ ਮੋਤੀਆਂ ਅਤੇ ਹੀਰਿਆਂ ਵਰਗਾ ਕੀਮਤੀ ਗਿਆਨ ਪੈਦਾ ਹੁੰਦਾ ਹੈ। ਗੁਰੂ ਨੇ ਇਸ ਬ੍ਰਹਿਮੰਡ ਦੇ ਭੇਦ ਨੂੰ ਸਮਝਾਇਆ ਹੈ; ਇਸ ਨੂੰ ਕਦੇ ਵੀ ਭੁੱਲਣਾ ਨਹੀਂ ਚਾਹੀਦਾ ਹੈ। ਇਸ ਨੂੰ ਹਲਕੇ ਵਿਚ ਨਹੀਂ ਲੈਣਾ ਚਾਹੀਦਾ। ਇਹ ਸਿੱਖ ਲਈ ਮਾਰਗਦਰਸ਼ਨ ਕਰਨ ਵਾਲੇ ਤਾਰੇ ਵਾਂਗ ਹੋਣਾ ਚਾਹੀਦਾ ਹੈ।

*ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥*
*ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤਾ ਵਾਤ ਨ ਪੁਛੈ ਕੇ ॥*
*ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥*
*ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥*

ਜੋ ਕੋਈ ਮਨੁੱਖ ਚਾਰ ਯੁਗਾਂ ਤੱਕ ਜੀਵੇ ਅਤੇ ਉਸਦੀ ਉਮਰ ਹੋਰ ਵੀ ਲੰਬੀ ਹੋ ਜਾਵੇ; ਜੇ ਉਹ ਨੌਂ ਖੰਡਾਂ ਵਿਚ ਪ੍ਰਸਿੱਧ ਹੋਵੇ ਅਤੇ ਸਭ ਲੋਕ ਉਸ ਦਾ ਹੁਕਮ ਵਜਾਉਣ; ਜੇ ਉਹ ਹਰ ਥਾਂ ਮਸ਼ਹੂਰ ਹੋਵੇ ਅਤੇ ਸਭ ਉਸਦੀ ਵਡਿਆਈ ਕਰਨ, ਪਰ ਜੇ ਉਸ ਨੂੰ ਆਪਣੇ ਰਚਨਹਾਰ ਦੀ ਕਿਰਪਾ ਪ੍ਰਾਪਤ ਨਹੀਂ, ਤਾਂ ਉਹ ਕੁਝ ਵੀ ਨਹੀਂ ਹੈ। ਉਹ ਇਕ ਕੀੜੇ ਵਰਗਾ ਹੈ, ਜਿਸ ਦਾ ਕੋਈ ਮੁੱਲ ਨਹੀਂ, ਜੋ ਆਪਣੇ ਮੰਦੇ ਕਰਮਾਂ ਅਤੇ ਨਿਰਾਸ਼ਾ ਦੇ ਚਿੱਕੜ ਵਿਚ ਵਸਿਆ ਹੋਇਆ ਹੈ। ਕੇਵਲ ਰਚਨਹਾਰ ਦੀ ਕਿਰਪਾ ਹੀ ਇਸ ਦੁਖੀ ਜੀਵ ਨੂੰ ਦੁੱਖ ਅਤੇ ਬਦਕਿਸਮਤੀ ਤੋਂ ਬਚਾ ਸਕਦੀ ਹੈ। ਕੇਵਲ ਰਚਨਹਾਰ ਹੀ ਪਾਪੀ ਨੂੰ ਸੰਤ ਬਣਾ ਸਕਦਾ ਹੈ। ਕੋਈ ਅਜਿਹੀ ਹੋਰ ਹਸਤੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਜੋ ਉਸ ਦੀ ਰਹਿਮਤ ਅਤੇ ਦਿਆਲਤਾ ਵਿਚ ਵਾਧਾ ਕਰ ਸਕੇ।

*ਸੁਣੀਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥*
*ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥*
*ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥*

ਧਿਆਨ ਨਾਲ ਸੁਣਨ ਨਾਲ ਮਨੁੱਖ ਸਿੱਧਾਂ, ਪੀਰਾਂ ਅਤੇ ਸੁਰਨਾਥਾਂ ਦੇ ਦਰਜੇ ਤੱਕ ਪਹੁੰਚਦਾ ਹੈ। ਸੁਣਨ ਨਾਲ ਇਸ ਲੋਕ ਅਤੇ ਪਰਲੋਕ, ਧਰਤੀ ਤੇ ਆਕਾਸ਼ ਅਤੇ ਸਾਰੇ ਬ੍ਰਹਿਮੰਡ ਦਾ ਗਿਆਨ ਪ੍ਰਾਪਤ ਹੁੰਦਾ ਹੈ। ਸੁਣਨ ਨਾਲ ਪਾਤਾਲ ਲੋਕ ਅਤੇ ਬ੍ਰਹਿਮੰਡ ਦੀ ਰੌਸ਼ਨੀ ਦਾ ਗਿਆਨ ਮਿਲਦਾ ਹੈ। ਸੁਣਨ ਨਾਲ ਸਾਰੇ ਦੁੱਖ-ਕਲੇਸ਼ ਦੂਰ ਹੋ ਜਾਂਦੇ ਹਨ। ਜੋ ਸੁਣਦੇ ਹਨ ਉਹ ਗਿਆਨੀ ਜਨ ਸਦਾ ਰਚਨਹਾਰ ਦੀ ਕਿਰਪਾ ਨਾਲ ਨਿਵਾਜੇ ਜਾਂਦੇ ਹਨ। ਇੱਥੇ ਜ਼ੋਰ ਧਿਆਨ ਅਤੇ ਦੈਵੀ ਸ਼ਬਦ ਨੂੰ ਸੁਣਨ ਉੱਤੇ ਹੈ। ਬ੍ਰਹਿਮੰਡ ਦੇ ਭੇਦ ਨੂੰ ਸਮਝਣਾ ਮਨ ਅਤੇ ਆਤਮਾ ਨੂੰ ਖੁਸ਼ੀ ਅਤੇ ਸ਼ਾਂਤੀ ਦਿੰਦਾ ਹੈ।

*ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥*
*ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥*
*ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੯॥*

ਸੁਣਨ ਨਾਲ ਭਗਤ ਦੇਵਤਿਆਂ ਤੋਂ ਈਸਰ, ਬ੍ਰਹਮਾ ਅਤੇ ਇੰਦਰ ਦੇ ਦਰਜੇ ਤੱਕ ਪਹੁੰਚਦਾ ਹੈ। ਸੁਣਨ ਨਾਲ ਬ੍ਰਹਿਮੰਡ ਦੇ ਭੇਦਾਂ ਦੀ ਸਮਝ ਪ੍ਰਾਪਤ ਹੁੰਦੀ ਹੈ। ਸੁਣਨ ਨਾਲ ਸਰੀਰ ਅਤੇ ਮਨ ਦੇ ਯੋਗ ਸਾਧਨਾਂ ਦੇ ਰਾਜ਼ਾਂ ਦਾ ਗਿਆਨ ਮਿਲਦਾ ਹੈ। ਸੁਣਨ ਨਾਲ ਵੇਦਾਂ ਅਤੇ ਸਮ੍ਰਿਤੀਆਂ ਦੇ ਪਵਿੱਤਰ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਸੁਣਨ ਨਾਲ ਭਗਤਾਂ ਉੱਤੇ ਕਿਰਪਾ ਅਤੇ ਅਸੀਸ ਵਰਸਦੀ ਹੈ। ਸੁਣਨ ਨਾਲ ਖੁਸ਼ੀ ਅਤੇ ਆਨੰਦ ਮਿਲਦਾ ਹੈ। ਸੁਣਨ ਨਾਲ ਸਾਰੇ ਦੁੱਖ-ਕਲੇਸ਼ ਮਿਟ ਜਾਂਦੇ ਹਨ। ਸੁਣਨਾ ਹੀ ਅਸਲ ਧਿਆਨ ਹੈ ਅਤੇ ਬ੍ਰਹਿਮੰਡ ਦੀ ਲੈਅ ਅਤੇ ਤਾਲਮੇਲ ਉੱਤੇ ਚਿੰਤਨ ਕਰਨਾ ਹੈ। ਇਹ ਸੁਣਨਾ ਹੀ ਹੈ ਜੋ ਜੀਵ ਨੂੰ ਮਨੁੱਖ ਅਤੇ ਬ੍ਰਹਿਮੰਡਕ ਸੱਚ ਦੀ ਸਹੀਂ ਸਮਝ ਅਤੇ ਗਿਆਨ ਵੱਲ ਲੈ ਜਾਂਦਾ ਹੈ।

*ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥*
*ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥*
*ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥*

ਸੁਣਨ ਨਾਲ ਸੱਚ, ਬੁੱਧੀ ਅਤੇ ਗਿਆਨ ਭਰਿਆ ਜੀਵਨ ਪ੍ਰਾਪਤ ਹੁੰਦਾ ਹੈ। ਸੁਣਨ ਨਾਲ ਤੀਰਥੀਂ ਇਸ਼ਨਾਨ ਕਰਨ ਦਾ ਫਲ ਮਿਲਦਾ ਹੈ।

ਸੁਣਨ ਨਾਲ ਦੈਵੀ ਉਪਦੇਸ਼ਾਂ ਦੀ ਸਮਝ ਪ੍ਰਾਪਤ ਹੁੰਦੀ ਹੈ। ਸੁਣਨ ਨਾਲ ਦੈਵੀ ਧਿਆਨ ਅਤੇ ਚਿੰਤਨ ਹੁੰਦਾ ਹੈ। ਸੁਣਨ ਨਾਲ ਭਗਤਾਂ ਨੂੰ ਖੁਸ਼ੀ ਅਤੇ ਆਨੰਦ ਮਿਲਦਾ ਹੈ। ਸੁਣਨ ਨਾਲ ਸਾਰੇ ਪਾਪ ਅਤੇ ਦੁੱਖ ਦੂਰ ਹੋ ਜਾਂਦੇ ਹਨ।

ਸੁਣਨ ਦੀ ਮਹੱਤਤਾ ਬਾਰੇ ਇਹ ਰਚਨਾਵਾਂ ਪਵਿੱਤਰ ਗ੍ਰੰਥਾਂ ਦੇ ਸਿਰਫ਼ ਰਸਮੀ ਜਾਂ ਰਿਵਾਇਤੀ ਪਾਠ ਕਰਨ ਦੀ ਬਜਾਇ ਗੁਰੂ ਦੇ ਸ਼ਬਦ ਨੂੰ ਸੁਣ ਕੇ ਉਸ ਤੇ ਧਿਆਨ ਤੇ ਚਿੰਤਨ ਕਰਨ ਤੇ ਜ਼ੋਰ ਦਿੰਦੀਆਂ ਹਨ। ਬ੍ਰਹਿਮੰਡ ਬਾਰੇ ਚਿੰਤਨ ਰਾਹੀ ਸਮਝ ਹਾਸਿਲ ਕਰਨੀ ਇਕ ਅੰਦੂਰਨੀ ਪ੍ਰਕਿਰਿਆ ਹੈ। ਬ੍ਰਹਿਮੰਡ ਦੇ ਭੇਤ ਨੂੰ ਬਾਹਰੀ ਸਰੀਰਕ ਕਿਰਿਆਵਾਂ ਨਾਲ ਸਹੀ ਸਮਝਿਆ ਜਾ ਸਕਦਾ, ਜੋ ਗੁਰੂ ਨਾਨਕ ਦੇ ਸਮੇਂ ਬਹੁਤ ਪ੍ਰਚਲਿਤ ਸਨ।

*ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥*
*ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥*
*ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੧॥*

ਸੁਣਨ ਨਾਲ ਮਨੁੱਖ ਸਹੀ ਰਾਹ-ਸੱਚ ਅਤੇ ਗਿਆਨ ਦੇ ਰਾਹ ਉੱਤੇ ਚੱਲਦਾ ਹੈ। ਸੁਣਨ ਨਾਲ ਮਨੁੱਖ ਸ਼ੇਖ,


**www.sanvad.org**
ISSN : 2395-1273

ਪੀਰ ਅਤੇ ਪਾਤਸ਼ਾਹ ਦੇ ਦਰਜੇ ਤੱਕ ਪਹੁੰਚਦਾ ਹੈ। ਸੁਣਨ ਨਾਲ ਅੰਨ੍ਹਾ ਵੀ ਸਹੀ ਰਸਤਾ ਲੱਭ ਲੈਂਦਾ ਹੈ। ਸੁਣਨ ਨਾਲ ਭਗਤਾਂ ਨੂੰ ਠਹਿਰਾਵ ਅਤੇ ਸ਼ਾਂਤੀ ਭਰਿਆ ਜੀਵਨ ਮਿਲਦਾ ਹੈ। ਸੁਣਨ ਨਾਲ ਭਗਤਾਂ ਨੂੰ ਆਨੰਦ ਅਤੇ ਕਿਰਪਾ ਭਰਿਆ ਜੀਵਨ ਪ੍ਰਾਪਤ ਹੁੰਦਾ ਹੈ। ਸੁਣਨ ਨਾਲ ਸਾਰੇ ਪਾਪ ਅਤੇ ਦੁੱਖ ਦੂਰ ਹੋ ਜਾਂਦੇ ਹਨ।

ਸੁਣਨ ਦਾ ਅਰਥ ਹੈ ਸੱਚੇ ਪ੍ਰਭੂ, ਰਚਨਹਾਰ ਦੇ ਸੱਚ ਉੱਤੇ ਧਿਆਨ ਅਤੇ ਚਿੰਤਨ ਕਰਨਾ। ਰਚਨਹਾਰ ਦਾ ਕੋਈ ਰੂਪ ਜਾਂ ਆਕਾਰ ਨਹੀਂ ਹੈ। ਉਸਦਾ ਨਾ ਜਨਮ ਹੈ ਨਾ ਮੌਤ। ਉਸ ਲਈ ਨਾ ਸਮਾਂ ਹੈ ਨਾ ਥਾਂ। ਇਸ ਲਈ ਸੱਚ ਦੀ ਖੋਜ ਕਰਨ ਵਾਲੇ ਦਾ ਧਿਆਨ ਅਤੇ ਚਿੰਤਨ ਇਕ ਅਜਿਹੀ ਅੰਦਰੂਨੀ ਕਿਰਿਆ ਹੈ, ਜੋ ਸ਼ੁੱਧ ਅਤੇ ਅਭੌਤਿਕ ਰੂਪਾਂ ਦੀ ਧਾਰਨਾ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਹੈ।

*ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥*
*ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥*
*ਐਸਾ ਨਾਮੁ ਨਿਰੰਜਨ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥*

ਸੁਣਨ ਤੋਂ ਬਾਅਦ, ਸਾਡੇ ਕੋਲ ਵਿਸ਼ਵਾਸ (ਮੰਨਣ) ਕਰਨ ਬਾਰੇ ਕੁਝ ਰਚਨਾਵਾਂ ਆਉਂਦੀਆਂ ਹਨ। ਵਿਸ਼ਵਾਸ ਦੇ ਇਸ ਅਨੁਭਵ ਨੂੰ ਠੀਕ ਤਰ੍ਹਾਂ ਸ਼ਬਦਾਂ ਵਿਚ ਪ੍ਰਗਟ ਨਹੀਂ ਕੀਤਾ ਜਾ ਸਕਦਾ। ਜੋ ਮਨੁੱਖ ਇਸ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਕੋਸਸ਼ਿ ਕਰਦਾ ਹੈ, ਉਹ ਆਪਣੇ ਸ਼ਬਦਾਂ ਦੀ ਅਸਮਰਥਤਾ ਮਹਿਸੂਸ ਕਰਦਾ ਹੈ। ਵਿਸ਼ਵਾਸ ਕਰਨਾ ਜਾਂ ਸ਼ਰਧਾ ਰੱਖਣਾ ਸ਼ਬਦਾਂ ਦੀ ਸੀਮਾ ਤੋਂ ਪਰੇ ਹੈ। ਇਹ ਕਿਸੇ ਨਿਰਧਾਰਿਤ ਨਿਯਮ ਦੀ ਪਾਲਣਾ ਕਰਨ ਦੀ ਗੱਲ ਨਹੀਂ ਹੈ। ਇਹ ਬ੍ਰਹਿਮੰਡ ਦੇ ਕ੍ਰਮ ਵਿਚ ਮੌਜੂਦ ਵਿਸ਼ਵਾਸ ਦੀ ਰੱਬੀ ਤਾਲ ਨੂੰ ਸਮਝਣ ਦੀ ਗੱਲ ਹੈ। ਇਕ ਅਰਥ ਵਿੱਚ, ਇਹ ਸਮਝ ਅਤੇ ਬੋਧ ਦੀ ਗੱਲ ਹੈ। ਜੋ ਮਨ ਇਸ ਵਿਸ਼ਵਾਸ ਦੇ ਤਾਲ ਨੂੰ ਸਮਝਣ ਦੇ ਸਮਰਥ ਹੋਵੇ ਉਹ ਹੀ ਰੱਬੀ ਬਚਨ ਦੀ ਮਹਾਨ ਬਣਤਰ ਨੂੰ ਸਮਝ ਲੈਂਦਾ ਹੈ।

*ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਨ ਕੀ ਸੁਧਿ ॥*
*ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥*
*ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥*

ਵਿਸ਼ਵਾਸ ਸ੍ਰਿਸ਼ਟੀ ਦੇ ਗਿਆਨ ਤੱਕ ਲੈ ਜਾਂਦਾ ਹੈ। ਵਿਸ਼ਵਾਸ ਰੱਬੀ ਕਰਮ ਦੀ ਸਮਝ ਦਿੰਦਾ ਹੈ। ਵਿਸ਼ਵਾਸ ਸਾਰੀਆਂ ਰੁਕਾਵਟਾਂ ਨੂੰ ਦੂਰ ਕਰ ਦਿੰਦਾ ਹੈ। ਵਿਸ਼ਵਾਸ ਮੌਤ ਅਤੇ ਨਾਸ਼ਵਾਨਤਾ ਨੂੰ ਵੀ ਜਿੱਤ ਲੈਂਦਾ ਹੈ। ਇਕ ਵਿਸ਼ਵਾਸੀ ਵਿਚਾਰਾਂ ਦੀ ਪਵਿੱਤਰਤਾ ਪ੍ਰਾਪਤ ਕਰਦਾ ਹੈ। ਵਿਸ਼ਵਾਸ ਵਿਸ਼ਵਾਸੀਆਂ ਦੀ ਸੰਗਤ ਨਾਲ ਜੋੜਦਾ ਹੈ। ਵਿਸ਼ਵਾਸ ਰੱਬੀ/ਦੈਵੀ ਸੱਚ ਦੇ ਗਿਆਨ ਤੱਕ ਲੈ ਜਾਂਦਾ ਹੈ, ਜੋ ਮਨੁੱਖੀ ਅਤੇ ਬ੍ਰਹਿਮੰਡੀ ਦੋਵੇਂ ਸੱਚਾਈਆਂ ਦਾ ਗਿਆਨ ਪ੍ਰਦਾਨ ਕਰਦਾ ਹੈ।

*ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥*
*ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧ ॥*
*ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥*

ਵਿਸ਼ਵਾਸ ਹਮੇਸ਼ਾ ਸੱਚੇ ਰਸਤੇ 'ਤੇ ਤੁਰਦਾ ਹੈ। ਵਿਸ਼ਵਾਸੀ ਰੱਬੀ ਹਜ਼ੂਰੀ ਵਿਚ ਸਨਮਾਨਿਤ ਹੁੰਦਾ ਹੈ। ਵਿਸ਼ਵਾਸੀ ਸੱਚੇ ਧਰਮ ਅਤੇ ਧਾਰਮਿਕ ਜੀਵਨ ਦੇ ਰਸਤੇ ਦਾ ਪਾਲਣ ਕਰਦੇ ਹਨ। ਐਸਾ ਵਿਸ਼ਵਾਸੀ ਵਿਚਾਰ ਅਤੇ ਕਰਮ ਦੋਵਾਂ ਵਿਚ ਪਵਿੱਤਰ ਹੁੰਦਾ ਹੈ। ਐਸਾ ਵਿਸ਼ਵਾਸੀ ਹੀ ਵਿਸ਼ਵਾਸ ਅਤੇ ਹੌਸਲੇ ਨਾਲ ਜੀਵਨ ਬਤੀਤ ਕਰਦਾ ਹੈ।

*ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥*
*ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥*
*ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥*

ਵਿਸ਼ਵਾਸੀ ਮੁਕਤੀ ਪ੍ਰਾਪਤ ਕਰਦਾ ਹੈ। ਵਿਸ਼ਵਾਸੀ ਆਪਣੇ ਆਪ ਨੂੰ, ਆਪਣੇ ਪਰਿਵਾਰ ਅਤੇ ਆਪਣੇ ਅਨੁਯਾਇਆਂ ਨੂੰ ਵੀ ਬਚਾਉਂਦਾ ਹੈ। ਵਿਸ਼ਵਾਸੀ ਦੈਵੀ/ਰੱਬੀ ਕਿਰਪਾ ਨਾਲ ਦੁੱਖਾਂ ਦੇ ਸਾਗਰ ਨੂੰ ਪਾਰ ਕਰ ਲੈਂਦਾ ਹੈ। ਵਿਸ਼ਵਾਸੀ ਆਪਣੇ ਸੱਚੇ ਰਸਤੇ ਤੋਂ ਕਦੇ ਨਹੀਂ ਹੱਟਦਾ। ਐਸਾ ਵਿਸ਼ਵਾਸੀ ਵਿਚਾਰ ਅਤੇ ਕਰਮ ਦੋਵਾਂ ਵਿਚ ਪਵਿੱਤਰ ਹੁੰਦਾ ਹੈ। ਐਸਾ ਵਿਸ਼ਵਾਸੀ ਵਿਸ਼ਵਾਸ ਅਤੇ ਦ੍ਰਿੜਤਾ ਨਾਲ ਜੀਵਨ ਬਤੀਤ ਕਰਦਾ ਹੈ।

ਸੁਣਨਾ ਅਤੇ ਵਿਸ਼ਵਾਸ ਕਰਨਾ ਮਨ ਦੇ ਦੋ ਅੰਦਰੂਨੀ ਅਭਿਆਸ ਹਨ। ਇਹ ਉਹ ਸਰੀਰਕ ਕਿਰਿਆਵਾਂ ਨਹੀਂ ਹਨ ਜੋ ਧਾਰਮਿਕ ਪੰਥਾਂ ਵਿਚ ਅਲੌਕਿਕ ਸ਼ਕਤੀਆਂ ਪ੍ਰਾਪਤ ਕਰਨ ਲਈ ਨਿਰਧਾਰਿਤ ਕੀਤੀਆਂ ਜਾਂਦੀਆਂ

ਹਨ। ਗੁਰੂ ਨਾਨਕ ਬਾਰ ਬਾਰ ਜ਼ੋਰ ਦੇ ਕੇ ਕਹਿੰਦੇ ਹਨ ਕਿ ਸਰੀਰਕ ਤਪੱਸਿਆ ਮਨੁੱਖ ਨੂੰ ਦੈਵੀ ਅਤੇ ਧਾਰਮਿਕ ਰਸਤੇ ਤੱਕ ਨਹੀਂ ਲੈ ਜਾਂਦੀ। ਇਹ ਲੋਕਾਂ ਨੂੰ ਝੂਠੇ ਦੈਵੀ ਕਰਤੱਵਾਂ ਵਿਚ ਵਿਸ਼ਵਾਸ ਦਵਾ ਕੇ ਭਟਕਾਉਂਦੀ ਹੈ। ਸੁਣਨਾ ਅਤੇ ਵਿਸ਼ਵਾਸ ਕਰਨਾ ਧਿਆਨ ਅਤੇ ਚਿੰਤਨ ਦੇ ਅਭਿਆਸ ਹਨ। ਇਹ ਸ੍ਰਿਸ਼ਟੀ ਦੇ ਬ੍ਰਹਿਮੰਡੀ ਕ੍ਰਮ ਦੀ ਸਹੀ ਸਮਝ ਵੱਲ ਲੈ ਜਾਂਦੇ ਹਨ।

*ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥*
*ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨ ॥*
*ਜੇ ਕੋ ਕਹੈ ਕਰੈ ਵਿਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥*
*ਧੌਲ ਦਰਮੁ ਦਇਆ ਕਾ ਪੂਤੁ ॥ ਸੰਤੋਖ ਥਾਪਿ ਰਖਿਆ ਜਿਨਿ ਸੂਤਿ ॥*
*ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ॥*
*ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਬਾਰ ਤਲੈ ਕਵਣੁ ਜੋਰੁ ॥*
*ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ॥*
*ਏਹੁ ਲੇਖਾ ਲਿਖਿ ਜਾਣੈ ਕੋਇ ॥ ਲੇਖਾ ਲਿਖਿਆ ਕੇਤਾ ਹੋਇ ॥*
*ਕੇਤਾ ਤਾਣੁ ਸੁਆਲਿਹੁ ਰੂਪੁ ॥ ਕੇਤੀ ਦਾਤਿ ਜਾਣੈ ਕੌਣੁ ਕੂਤੁ ॥*
*ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥*
*ਕੁਦਰਤ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥*

ਇਹ ਰਚਨਾ ਬ੍ਰਹਿਮੰਡ ਦੀ ਉਤਪੱਤੀ ਅਤੇ ਸ਼ੁਰੂਆਤ/ਮੂਲ ਬ੍ਰਹਿਮੰਡ ਬਾਰੇ ਵਿਚਾਰ ਪ੍ਰਸਤੁਤ ਕਰਦੀ ਹੈ। ਪੰਜ ਗਿਆਨੀ ਦੈਵੀ/ਰੱਬੀ ਕਰਤੱਵ ਯਾਨਿ ਸ੍ਰਿਸ਼ਟੀ ਦੀ ਰਚਨਾ ਉੱਤੇ ਚਿੰਤਨ ਕਰਦੇ ਹਨ। ਉਹ ਰੱਬੀ ਹਜ਼ੂਰੀ ਵਿਚ ਸਨਮਾਨਿਤ ਹਨ। ਉਹ ਚੁਣੇ ਹੋਏ ਜਨਾਂ ਦੀ ਸਭਾ ਵਿਚ ਬੈਠਦੇ ਹਨ। ਉਹ ਗੁਰੂ ਦੇ ਉਪਦੇਸ਼ਾ ਉੱਤੇ ਧਿਆਨ ਅਤੇ ਮਨਨ ਕਰਦੇ ਹਨ। ਉਹ ਇਸ ਸ੍ਰਿਸ਼ਟੀ ਦੇ ਵਿਸ਼ਾਲ ਪਸਾਰੇ ਅਤੇ ਗਹਿਰਾਈ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਇਸ ਅਸੀਮ ਸ੍ਰਿਸ਼ਟੀ ਦੀ ਹੱਦ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਇਹ ਹਰ ਕਿਸਮ ਦੀ ਕਲਪਨਾ ਤੋਂ ਪਰੇ ਹੈ। ਪਰੰਪਰਾਗਤ ਪੌਰਾਣਿਕ ਕਥਾਵਾਂ ਵਿਚ ਕਿਹਾ ਜਾਂਦਾ ਹੈ ਕਿ ਇਹ ਧਰਤੀ ਇਕ ਬਲਦ ਦੇ ਸਿੰਗਾਂ ਉੱਤੇ ਟਿਕੀ ਹੋਈ ਹੈ। ਗੁਰੂ ਨਾਨਕ ਲਈ ਇਹ ਬਲਦ ਸਿਰਫ਼ ਬ੍ਰਹਿਮੰਡੀ ਕ੍ਰਮ ਦਾ ਪ੍ਰਤੀਕ ਹੈ, ਜਿੱਥੇ ਦੈਵੀ ਅਨੁਸ਼ਾਸਨ ਅਤੇ ਸਰੀਰ-ਮਨ ਦਾ ਸੰਤੁਲਨ ਮੱਹਤਵਪੂਰਨ ਹਨ। ਕੇਵਲ ਉਹੀ ਖੋਜੀ ਜੋ ਬ੍ਰਹਿਮੰਡ ਸੱਚ ਦੀ ਖੋਜ ਕਰਦਾ ਹੈ, ਇਸ ਰਹੱਸ ਨੂੰ ਸਮਝ ਸਕਦਾ ਹੈ। ਇਸ ਧਰਤੀ ਦੇ ਵਿਸਤਾਰ ਦੀ ਕੋਈ ਹੱਦ ਨਹੀਂ। ਇਸ ਦੇ ਭਾਰ ਦੀ ਵੀ ਕੋਈ ਸੀਮਾ ਨਹੀਂ। ਇੱਥੇ ਹਰ ਕਿਸਮ ਦਾ ਜੀਵਨ ਅਤੇ ਬਨਸਪਤੀ ਮੌਜੂਦ ਹੈ। ਇਸ ਅਨੰਤ ਸ੍ਰਿਸ਼ਟੀ ਨੂੰ ਕੋਈ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ। ਆਦਿ ਵਿਚ ਕੇਵਲ ਇਕੋ (ਅਦਵਿੱਤੀ) ਵਿਲੱਖਣ ਰਚਨਹਾਰ ਸੀ। ਉਸ ਇਕ ਦੈਵੀ/ਰੱਬੀ ਸ਼ਬਦ ਨਾਲ ਹੀ ਸਭ ਕੁਝ ਅਸਤਿਤਵ ਵਿਚ ਆਇਆ। ਸਾਰੀਆਂ ਧਰਤੀਆਂ ਅਤੇ ਆਕਾਸ਼ ਰਚੇ ਗਏ। ਇਸ ਨਾਲ ਪਾਣੀਆਂ ਦਾ ਵਹਾਅ ਸ਼ੁਰੂ ਹੋਇਆ ਅਤੇ ਜੀਵਨ ਅਤੇ ਪ੍ਰਕ੍ਰਿਤੀ ਦੀ ਰਚਨਾ ਹੋਈ। ਜੋ ਕੁਝ ਵੀ ਬ੍ਰਹਿਮੰਡੀ ਕ੍ਰਮ ਦੀ ਪਾਲਣਾ ਕਰਦਾ ਹੈ, ਉਹ ਰਚੇ ਜਾਣ ਅਤੇ ਨਾਸ਼ ਹੋਣ ਲਈ ਨਿਰਧਾਰਿਤ ਹੈ। ਕੇਵਲ ਰਚਨਹਾਰ ਹੀ ਸਦੀਵੀ ਹੈ। ਰਚਨਹਾਰ ਨਿਰੰਕਾਰ ਹੈ- ਉਹ ਰੂਪ ਰਹਿਤ, ਅਭਾਵਿਕ (abstract), ਸੰਕੇਤਕ (semiotic), ਅਤੇ ਇਕ ਧਾਰਣਾਤਮਕ ਰਚਨਾ (conceptual construct) ਹੈ।

ਇੱਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਸ ਧਾਰਮਿਕ ਵਿਚਾਰ ਵਿਚ ਮਨੁੱਖੀ (anthropological) ਅਤੇ ਬ੍ਰਹਿਮੰਡੀ (cosmological) ਪੱਖ ਆਪਸ ਵਿਚ ਗਹਿਰਾਈ ਨਾਲ ਜੁੜੇ ਹੋਏ ਹਨ। ਇਕ ਪਾਸੇ ਰਚਨਹਾਰ ਨਿਰੰਕਾਰ ਹੈ, ਜਿਸਦਾ ਕੋਈ ਰੂਪ ਜਾਂ ਆਕਾਰ ਨਹੀ; ਦੂਜੇ ਪਾਸੇ, ਉਸਦੀ ਇਕ ਕਰਤਾ ਅਤੇ ਸ੍ਰਿਸ਼ਟੀ ਦੇ ਕਾਰਕ ਦੇ ਤੌਰ ਤੇ ਇਕ ਪ੍ਰਤੀਕਾਤਮਕ ਧਾਰਣਾ ਹੈ। ਇਸ ਨਿਰਾਕਾਰ ਰੂਪ ਵਿਚ ਅਸੀਂ ਅਰਦਾਸ ਅਤੇ ਭਗਤੀ ਦੇ ਸਿਧਾਂਤਾਂ ਨੂੰ ਸਮਝਦੇ ਹਾਂ। ਸਪਸ਼ਟ ਤੌਰ 'ਤੇ ਨਿਰੰਕਾਰ ਇਕ ਧਾਰਣਾਤਮਕ ਰਚਨਾ ਹੈ ਜੋ ਕਲਪਨਾ ਦੇ ਖੇਤਰ ਵਿਚ ਬਣੀ ਹੈ। ਇਹ ਇਕ ਰੂਪ ਹੈ, ਪਰ ਪੂਰੀ ਤਰ੍ਹਾਂ ਅਭਾਵਿਕ ਰੂਪ, ਜੋਂ ਸਮੇਂ ਅਤੇ ਸਥਾਨ ਤੋਂ ਪਰੇ ਹੈ, ਜਨਮ ਅਤੇ ਮੌਤ ਤੋਂ ਪਰੇ ਹੈ, ਅਤੇ ਜਿਸਨੂੰ ਕੇਵਲ ਧਿਆਨ ਅਤੇ ਚਿੰਤਨ ਰਾਂਹੀ ਹੀ ਸਮਝਿਆ ਜਾ ਸਕਦਾ ਹੈ।

*ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥*
*ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥*


www.sanvad.org
ISSN : 2395-1273

*ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥*
*ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ॥*
*ਕੁਦਰਤਿ ਕਵਣ ਕਹਾ ਵਿਚਾਰੁ ॥ ਵਾਰਿਆ ਨਾ ਜਾਵਾ ਏਕ ਵਾਰ ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥*

ਅਣਗਿਣਤ ਲੋਕ ਹਨ ਜੋ ਗਿਆਨ ਅਤੇ ਚਿੰਤਨ ਕਰਦੇ ਹਨ। ਅਣਗਿਣਤ ਲੋਕ ਹਨ ਜੋ ਵੱਖ-ਵੱਖ ਕਿਸਮ ਦੀ ਉਪਾਸਨਾ ਅਤੇ ਧਾਰਮਿਕ ਰਸਮਾਂ ਵਿਚ ਲੱਗੇ ਹੋਏ ਹਨ। ਅਣਗਿਣਤ ਲੋਕ ਹਨ ਜੋ ਪਵਿੱਤਰ ਗ੍ਰੰਥਾਂ ਦਾ ਪਾਠ ਕਰਦੇ ਹਨ । ਅਣਗਿਣਤ ਲੋਕ ਹਨ ਜੋ ਯੋਗ ਅਭਿਆਸ ਕਰਦੇ ਹਨ। ਅਣਗਿਣਤ ਲੋਕ ਹਨ ਜੋ ਸ੍ਰਿਸ਼ਟੀ ਦੇ ਭੇਦਾਂ ਬਾਰੇ ਵਿਚਾਰ ਕਰਦੇ ਹਨ। ਅਣਗਿਣਤ ਤਪਸਵੀ ਹਨ ਅਤੇ ਅਣਗਿਣਤ ਦਾਨੀ ਹਨ। ਅਣਗਿਣਤ ਯੋਧੇ ਅਤੇ ਮਹਾਨ ਲੜਾਕੂ ਹਨ। ਅਣਗਿਣਤ ਲੋਕ ਹਨ ਜਿਨ੍ਹਾਂ ਨੇ ਸਦਾ ਲਈ ਮੌਨ ਰਹਿਣ ਅਤੇ ਤਪੱਸਿਆ ਕਰਨ ਦੀ ਪ੍ਰਤਿਗਿਆ ਕੀਤੀ ਹੈ।

ਇਹਨਾਂ ਸਾਰੀਆਂ ਬਾਹਰੀ ਕਿਰਿਆਵਾਂ ਦਾ ਪੂਰਨ ਵਰਣਨ ਨਹੀਂ ਕੀਤਾ ਜਾ ਸਕਦਾ। ਦੈਵੀ ਸੁਭਾਅ ਹਰ ਵਰਣਨ ਅਤੇ ਹਰ ਅਚੰਭੇ ਤੋਂ ਪਰੇ ਹੈ। ਜੋ ਨਿਰੰਕਾਰ, ਰੂਪ ਰਹਿਤ ਅਤੇ ਸਦੀਵੀ ਪਰਮਾਤਮਾ ਦੀ ਇੱਛਾ ਹੁੰਦੀ ਹੈ, ਉਹੀ ਹੁੰਦਾ ਹੈ।

ਇਹ ਦੈਵੀ-ਬ੍ਰਹਿਮੰਡ ਦੀ ਅਤਿ ਅਦਭੁਤ ਸਰੂਪਤਾ ਦਾ ਉਪਦੇਸ਼ ਹੈ। ਵੱਖ-ਵੱਖ ਧਰਮਾਂ ਵਿਚ ਵੱਖ-ਵੱਖ ਪੰਥਾਂ ਅਤੇ ਵੱਖ-ਵੱਖ ਤਪਸਵੀਆਂ ਵੱਲੋਂ ਦੈਵੀ-ਬ੍ਰਹਿਮੰਡ ਦੇ ਅਬਿਨਾਸੀ ਉਪਦੇਸ਼ ਨੂੰ ਸਮਝਣ ਲਈ ਅਨੇਕਾਂ ਕਿਸਮ ਦੀਆਂ ਸਰੀਰਕ ਮੁਦਰਾਵਾਂ ਕੀਤੀਆਂ ਜਾਂਦੀਆਂ ਹਨ। ਇਹ ਸਾਰੀਆਂ ਸਿਰਫ਼ ਸਰੀਰਕ ਕਿਰਿਆਵਾਂ ਹਨ। ਇਹ ਅੰਧਵਿਸ਼ਵਾਸਾਂ 'ਤੇ ਆਧਾਰਿਤ ਹਨ। ਇਹ ਦੈਵੀਹੁਕਮ ਦੀ ਅਸਲ ਸਮਝ ਤੱਕ ਨਹੀਂ ਲੈ ਕੇ ਜਾ ਸਕਦੀਆਂ। ਸੱਚੇ ਨਿਰੰਕਾਰ ਦਾ ਅਬਿਨਾਸੀ ਅਤੇ ਸਰਬਵਿਆਪੀ ਸੱਚ ਹੀ ਇਸ ਬ੍ਰਹਿਮੰਡ ਦਾ ਅਸਲ ਉਪਦੇਸ਼ ਹੈ। ਇਹ ਸਮੇਂ ਅਤੇ ਸਥਾਨ ਤੋਂ ਪਰ੍ਹੇ ਹੈ; ਇਹ ਜਨਮ ਅਤੇ ਮੌਤ ਤੋਂ ਪਰ੍ਹੇ ਹੈ; ਇਹ ਨਾਸ ਅਤੇ ਵਿਨਾਸ਼ ਤੋਂ ਉੱਪਰ ਹੈ। ਇਸ ਦੀ ਅਨੁਭੂਤੀ ਗੁਰੂ ਦੀ ਵਿਸ਼ਾਲ ਬ੍ਰਹਿਮੰਡਕ ਚੇਤਨਾ ਵਿੱਚੋਂ ਕੀਤੀ ਜਾਂਦੀ ਹੈ।

*ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥*
*ਅਸੰਖ ਗਲਵਢ ਹਤਿਆ ਕਮਾਹਿ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥*
*ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥*
*ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵਿਚਾਰ॥ ਵਾਰਿਆ ਨ ਜਾਵਾ ਏਕ ਵਾਰ ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ ॥੧੮॥*

ਅਣਗਿਣਤ ਮੂਰਖ ਅਤੇ ਅਗਿਆਨੀ ਹਨ। ਅਣਗਿਣਤ ਚੋਰ ਹਨ ਜੋ ਲੁੱਟ-ਖਸੁੱਟ ਕਰਦੇ ਹਨ। ਅਣਗਿਣਤ ਲੋਕ ਹਨ ਜੋ ਆਪਣੀ ਦੇਹਿਕ ਤਾਕਤ 'ਤੇ ਅਹੰਕਾਰ 'ਤੇ ਮਾਣ ਕਰਦੇ ਹਨ। ਅਣਗਿਣਤ ਨਿਰਦਈ ਜੀਵ ਹਨ ਜੋ ਕਤਲ ਤੇ ਵਿਨਾਸ਼ ਕਰਦੇ ਹਨ। ਅਣਗਿਣਤ ਪਾਪੀ ਹਨ। ਅਣਗਿਣਤ ਲੋਕ ਹਨ ਜੋ ਭ੍ਰਿਸ਼ਟ ਆਚਰਨਾਂ, ਗੰਦਗੀ ਅਤੇ ਮੋਹ-ਮਾਇਆ ਵਿਚ ਸੜ ਰਹੇ ਹਨ। ਅਣਗਿਣਤ ਨਿੰਦਕ ਹਨ ਜਿਨ੍ਹਾਂ ਦੀ ਈਰਖਾ ਦੀ ਕੋਈ ਹੱਦ ਨਹੀਂ।

ਗੁਰੂ ਜੀ ਸਮਾਜਕ ਅਤੇ ਮਨੁੱਖੀ ਜਗਤ ਦੀ ਪੂਰੀ ਤਰ੍ਹਾਂ ਗਲੀ-ਸੜੀ ਹਾਲਤ ਦਾ ਵਰਣਨ ਕਰਦੇ ਹਨ। ਦੈਵੀ-ਉਪਦੇਸ਼ ਭੁਲਾਇਆ ਜਾ ਚੁੱਕਾ ਹੈ। ਸੱਚੇ ਪ੍ਰਭੂ ਨਿਰੰਕਾਰ ਦਾ ਅਬਿਨਾਸੀ ਸੱਚ ਜੋ ਰੂਪ ਰਹਿਤ ਬ੍ਰਹਿਮੰਡ ਹੈ ਮਨੁੱਖੀ ਪ੍ਰਬੰਧ ਦੀ ਸੋਚ ਅਤੇ ਮਨਨ ਤੋਂ ਪਰ੍ਹੇ ਹੈ।

*ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥*
*ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥*
*ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥*
*ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥*
*ਜੇਤਾ ਕੀਤਾ ਤੇਤਾ ਨਤਉ ॥ ਵਿਣੁ ਨਾਵੈ ਨਾਹੀ ਕੋ ਥਾਉ ॥*
*ਕੁਦਰਤਿ ਕਵਣ ਕਹਾ ਟੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥*

ਅਣਗਿਣਤ ਨਾਮ ਅਤੇ ਥਾਵਾਂ ਹਨ। ਅਣਗਿਣਤ ਭੇਦ ਅਤੇ ਜੋਤਾਂ ਹਨ। ਜਿੰਨਾ ਵਧ ਕਰਕੇ ਵਰਣਨ ਕੀਤਾ ਜਾਂਦਾ ਹੈ, ਉਨਾ ਹੀ ਮਨੁੱਖ ਆਪਣੀ ਅਗਿਆਨਤਾ ਨੂੰ ਮਹਿਸੂਸ ਕਰਦਾ ਹੈ।

ਸ਼ਬਦਾਂ ਨਾਲ ਅਸੀਂ ਸਿਫ਼ਤ-ਸਲਾਹ ਕਰਦੇ ਹਾਂ, ਕਦਰ ਕਰਦੇ ਹਾਂ। ਸ਼ਬਦਾਂ ਨਾਲ ਅਸੀਂ ਸੋਚਦੇ ਹਾਂ ਅਤੇ ਗਿਆਨ ਪ੍ਰਾਪਤ ਕਰਦੇ ਹਾਂ। ਸ਼ਬਦਾਂ ਨਾਲ ਅਸੀਂ ਬ੍ਰਹਿਮੰਡ ਦੇ ਦੈਵੀਉਪਦੇਸ਼ ਨੂੰ ਪ੍ਰਗਟ ਕਰਦੇ ਹਾਂ। ਸ਼ਬਦਾਂ ਨਾਲ ਹੀ ਮਿਲਾਪ ਹੁੰਦਾ ਹੈ ਅਤੇ ਵਿਛੋੜਾ ਵੀ। ਜੋ ਇਸ ਉਪਦੇਸ਼ ਨੂੰ ਲਿਖਦਾ ਹੈ, ਜੋ ਇਸਨੂੰ ਪ੍ਰਗਟ ਕਰਦਾ ਹੈ, ਉਹ ਇਨ੍ਹਾਂ ਅਦਭੁਤ ਸ਼ਬਦਾਂ ਵਿਚ ਹੀ ਗਵਾਚ ਜਾਂਦਾ ਹੈ।

ਅੰਤ ਵਿਚ ਰਚਨਹਾਰ ਦੀ ਰਜ਼ਾ ਹੀ ਪ੍ਰਬਲ ਰਹਿੰਦੀ ਹੈ। ਜਿਵੇਂ ਦੈਵੀਸ਼ਬਦ ਉਚਾਰਿਆ ਜਾਂਦਾ ਹੈ, ਤਿਵੇਂ ਹੀ ਉਹ ਸਾਕਾਰ ਹੁੰਦਾ ਹੈ। ਸ੍ਰਿਸ਼ਟੀ ਬ੍ਰਹਿਮੰਡ ਸ਼ਬਦ ਦੇ ਅਨੁਸਾਰ ਚਲਦੀ ਹੈ। ਇਹ ਸਰੂਪ ਹਰ ਕਿਸੇ ਵਰਣਨ ਤੋਂ ਪਰ੍ਹੇ ਹੈ। ਨਿਰੰਕਾਰ, ਰੂਪ ਰਹਿਤ ਰਚਨਹਾਰ ਦੀ ਰਜ਼ਾ ਹੀ ਇਸ ਬ੍ਰਹਿਮੰਡ ਕ੍ਰਮ ਨੂੰ ਸਥਾਪਿਤ ਕਰਦੀ ਹੈ।

*ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥*
*ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥*
*ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥*
*ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥*
*ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥*

ਜਦੋਂ ਸਾਡੇ ਹੱਥ ਤੇ ਪੈਰ ਮੈਲੇ ਹੋ ਜਾਂਦੇ ਹਨ, ਉਹ ਪਾਣੀ ਨਾਲ ਧੋਏ ਜਾਂਦੇ ਹਨ। ਜਦੋਂ ਸਾਡੇ ਕੱਪੜੇ ਗੰਦੇ ਹੋ ਜਾਂਦੇ ਹਨ, ਉਹ ਸਾਬਣ ਨਾਲ ਸਾਫ਼ ਕੀਤੇ ਜਾਂਦੇ ਹਨ। ਪਰ ਜਦੋਂ ਅਸੀਂ ਪਾਪਾਂ ਵਿਚ ਡੁੱਬ ਜਾਂਦੇ ਹਾਂ, ਤਦੋਂ ਅਸੀਂ ਧਿਆਨ ਅਤੇ ਮਨਨ ਰਾਹੀਂ ਪਵਿੱਤਰ ਹੁੰਦੇ ਹਾਂ।

ਅਣਗਿਣਤ ਪਾਪੀ ਹਨ ਅਤੇ ਅਣਗਿਣਤ ਸੰਤ ਹਨ। ਉਹ ਮਨੁੱਖੀ ਵਰਣਨ ਤੋਂ ਪਰ੍ਹੇ ਹਨ। ਉਹ ਗਿਣਤੀ ਤੋਂ ਬਾਹਰ ਹਨ। ਜਿਵੇਂ ਮਨੁੱਖ ਬੀਜ ਬੀਜਦਾ ਹੈ, ਤਿਵੇਂ ਹੀ ਫਲ ਪਾਉਂਦਾ ਹੈ। ਕਰਮ ਅਤੇ ਫਲ ਇਕੱਠੇ ਚੱਲਦੇ ਹਨ।

ਜਿਵੇਂ ਰਚਨਹਾਰ ਦੀ ਰਜ਼ਾ ਹੁੰਦੀ ਹੈ, ਤਿਵੇਂ ਹੀ ਆਗਮਨ ਅਤੇ ਅੰਤ ਹੁੰਦੇ ਹਨ; ਅਤੇ ਮਨੁੱਖੀ ਅਤੇ ਬ੍ਰਹਿਮੰਡੀ ਜਗਤ ਦੈਵੀਹੁਕਮ ਦੇ ਅਨੁਸਾਰ ਹੀ ਚਲਦੇ ਹਨ।

*ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥*
*ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥*
*ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥*
*ਸੁਅਸਤਿ ਆਥਿ ਬਾਣੀ ਬਰਮਾਉ॥ ਸਤਿ ਸੁਹਾਣੁ ਸਦਾ ਮਨਿ ਚਾਉ॥*
*ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥*
*ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥*
*ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥*
*ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥*
*ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥*
*ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥*
*ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ॥*
*ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥*
*ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥੨੧॥*

ਤੀਰਥ-ਯਾਤਰਾਵਾਂ ਹਨ, ਕਰਮਕਾਂਡ ਹਨ ਅਤੇ ਦਾਨ-ਪੁੰਨ ਹਨ। ਆਦਰ ਅਤੇ ਮਾਣ ਪ੍ਰਾਪਤ ਕਰਨ ਲਈ ਧਾਰਮਿਕ ਕਰਮ ਕੀਤੇ ਜਾਂਦੇ ਹਨ। ਪਰ ਅਸਲ ਮਹੱਤਵ ਇਸ ਗੱਲ ਦਾ ਹੈ ਕਿ ਮਨੁੱਖ ਬ੍ਰਹਿਮੰਡ ਲੈਅ ਨੂੰ ਸੁਣੇ ਅਤੇ ਉਸ 'ਤੇ ਵਿਸ਼ਵਾਸ ਕਰੇ। ਸੱਚੀ ਤੀਰਥ-ਯਾਤਰਾ ਅੰਦਰੂਨੀ ਆਤਮਾ ਦੀ ਧਿਆਨ ਅਤੇ ਮਨਨ ਰਾਹੀਂ ਸ਼ੁੱਧੀ ਵਿਚ ਹੈ।

ਸਾਰੇ ਗੁਣ ਰਚਨਹਾਰ ਦੇ ਹਨ। ਦੈਵੀ ਕਿਰਪਾ ਤੋਂ ਬਿਨਾ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਰਚਨਹਾਰ ਦਾ ਸ਼ਬਦ ਭਗਤ ਨੂੰ ਪ੍ਰਭਾਵਿਤ ਕਰਦਾ ਹੈ। ਸਾਧਕ ਬ੍ਰਹਿਮੰਡ ਸੱਚ ਦੀ ਦੈਵੀ ਜੋਤ ਵਿਚ ਆਨੰਦ ਮਾਣਦਾ ਹੈ।

ਉਹ ਕਿਹੜਾ ਸਮਾਂ ਸੀ, ਕਿਹੜਾ ਦਿਨ, ਕਿਹੜਾ ਮਹੀਨਾ ਸੀ ਜਦੋਂ ਇਹ ਸਭ ਕੁਝ ਹੋਇਆ? ਜਦੋਂ ਇਹ ਅਦਭੁਤ ਪ੍ਰਕ੍ਰਿਤੀ ਰਚੀ ਗਈ? ਜਦੋਂ ਇਹ ਨਿਰਾਕਾਰ ਪਦਾਰਥ ਰੂਪ ਧਾਰਣ ਕਰ ਗਿਆ? ਬ੍ਰਾਹਮਣ ਅਤੇ ਕਾਜ਼ੀ


**www.sanvad.org**
ISSN : 2395-1273

ਆਪਣੇ ਧਾਰਮਿਕ ਗ੍ਰੰਥਾਂ ਵਿਚ ਸ੍ਰਿਸ਼ਟੀ ਦਾ ਭੇਦ ਨਹੀਂ ਲੱਭ ਸਕੇ। ਜੋਗੀ ਨੂੰ ਵੀ ਇਸ ਗੱਲ ਦਾ ਗਿਆਨ ਨਹੀਂ ਕਿ ਇਹ ਬ੍ਰਹਿਮੰਡ ਕਦੋਂ ਰਚਿਆ ਗਿਆ। ਸਿਰਫ਼ ਉਹੀ ਇੱਕ, ਜਿਸ ਨੇ ਇਸ ਸ੍ਰਿਸ਼ਟੀ ਨੂੰ ਰਚਿਆ, ਉਹੀ ਸ੍ਰਿਸ਼ਟੀ ਰਚਨਾ ਦੇ ਭੇਦ ਨੂੰ ਜਾਣਦਾ ਹੈ।

ਭਗਤ ਇਸ ਭੇਦ ਨੂੰ ਕਿਵੇਂ ਸਮਝ ਸਕਦਾ ਹੈ? ਉਹ ਦੈਵੀਕਰਮਾਂ ਦੇ ਰਾਜ਼ਾਂ ਨੂੰ ਕਿਵੇਂ ਜਾਣ ਸਕਦਾ ਹੈ? ਕੁਝ ਲੋਕ ਹਨ ਜੋ ਸਭ ਕੁਝ ਜਾਣਨ ਦਾ ਦਾਅਵਾ ਕਰਦੇ ਹਨ ਅਤੇ ਆਪਣੀ ਅਗਿਆਨਤਾ ਨੂੰ ਹੀ ਦੈਵੀ ਗਿਆਨ ਵਜੋਂ ਪੇਸ਼ ਕਰਦੇ ਹਨ। ਉਹ ਸਮਾਜ ਦੇ ਆਪਣੇ-ਆਪ ਬਣੇ ਗਿਆਨੀ ਹਨ। ਉਹ ਝੂਠੇ ਪੁਰੋਹਿਤ ਹਨ ਜੋ ਆਮ ਲੋਕਾਂ ਨੂੰ ਧੋਖਾ ਦੇਂਦੇ ਹਨ।

ਕੇਵਲ ਉਹੀ ਮਨੁੱਖ ਜੋ ਸੱਚੇ ਰਚਨਹਾਰ ਦੇ ਸੱਚ 'ਤੇ ਧਿਆਨ ਅਤੇ ਮਨਨ ਕਰਦੇ ਹਨ, ਦੈਵੀਹੁਕਮ ਦੇ ਮਾਰਗ 'ਤੇ ਚੱਲ ਸਕਦੇ ਹਨ। ਉਹ ਨਿਮਰ ਹੁੰਦੇ ਹਨ। ਉਹ ਕੁਝ ਵੀ ਜਾਣਨ ਦਾ ਦਿਖਾਵਾ ਨਹੀਂ ਕਰਦੇ। ਦੈਵੀ ਗਿਆਨ ਸਾਰੇ ਮਨੁੱਖੀ ਜਤਨਾਂ ਤੋਂ ਪਰ੍ਹੇ ਹੈ। ਅੰਧਵਿਸ਼ਵਾਸੀ ਕਰਮਕਾਂਡ ਅਤੇ ਗਲਤ ਤਰੀਕੇ ਨਾਲ ਕਮਾਈ ਹੋਈ ਦੌਲਤ ਤੋਂ ਕੀਤੇ ਦਾਨ-ਪੁੰਨ ਧਰਮ ਦੇ ਸੱਚੇ ਰਸਤੇ ਤੱਕ ਨਹੀਂ ਲੈ ਕੇ ਜਾ ਸਕਦੇ।

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥*
*ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥*
*ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥*

ਅਣਗਿਣਤ ਆਕਾਸ਼ ਹਨ ਅਤੇ ਅਣਗਿਣਤ ਪਾਤਾਲ ਹਨ। ਵੇਦਾਂ ਨੇ ਇਸ ਭੇਦ ਨੂੰ ਸਮਝਣ ਦੀ ਕੋਸ਼ਿਸ਼ ਕੀਤੀ, ਪਰ ਉਹ ਸਹੀ ਗਿਆਨ ਤੱਕ ਨਹੀਂ ਪਹੁੰਚ ਸਕੇ। ਹਜ਼ਾਰਾਂ ਧਾਰਮਿਕ ਗ੍ਰੰਥਾਂ ਨੇ ਰਚਨਹਾਰ ਦੀ ਸਿਰਜਨਾਤਮਕਤਾ ਦਾ ਵਰਣਨ ਕਰਨ ਦਾ ਯਤਨ ਕੀਤਾ, ਪਰ ਕੋਈ ਵੀ ਇਸ ਵਿਸ਼ਾਲ ਬ੍ਰਹਿਮੰਡ ਦੀਆਂ ਗਹਿਰਾਈਆਂ ਨੂੰ ਨਹੀਂ ਸਮਝ ਸਕਿਆ।

ਕੇਵਲ ਉਹੀ ਇੱਕ, ਜਿਸ ਨੇ ਇਸ ਬ੍ਰਹਿਮੰਡ ਨੂੰ ਰਚਿਆ ਹੈ, ਦੈਵੀ ਲੈਅ ਨਾਲ ਸੁਰ ਮਿਲਾ ਸਕਦਾ ਹੈ। ਰਚਨਹਾਰ ਨਿਰਾਕਾਰ ਹੈ, ਜਨਮ ਅਤੇ ਮੌਤ ਤੋਂ ਪਰ੍ਹੇ ਹੈ, ਸਮੇਂ ਅਤੇ ਸਥਾਨ ਤੋਂ ਉੱਚਾ ਹੈ। ਇਸ ਲਈ ਕੋਈ ਵੀ ਮਨੁੱਖੀ ਬਿਆਨ ਦੈਵੀ ਸੱਚ ਅਤੇ ਸ੍ਰਿਸ਼ਟੀ ਦੇ ਰਾਜ਼ਾਂ ਨੂੰ ਪੂਰੀ ਤਰ੍ਹਾਂ ਪ੍ਰਗਟ ਨਹੀਂ ਕਰ ਸਕਦਾ।

*ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥*
*ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥*

ਸਾਰੇ ਵਰਣਨਾਂ ਅਤੇ ਭਗਤੀ ਦੇ ਬਾਵਜੂਦ ਵੀ ਮਨੁੱਖ ਬ੍ਰਹਿਮੰਡ ਦੇ ਭੇਦ ਦੀ ਪੂਰੀ ਸਮਝ ਪ੍ਰਾਪਤ ਨਹੀਂ ਕਰ ਸਕਦਾ। ਨਦੀਆਂ ਅਤੇ ਧਾਰਾਂ ਆਖ਼ਿਰਕਾਰ ਗਿਆਨ ਦੇ ਸਮੁੰਦਰ ਵਿਚ ਮਿਲ ਕੇ ਆਪਣੀ ਅਲੱਗ ਪਛਾਣ ਗਵਾ ਬੈਠਦੀਆਂ ਹਨ।

ਇਕ ਸੁਲਤਾਨ ਜਿਸ ਕੋਲ ਸੰਸਾਰ ਦੀ ਸਾਰੀ ਦੌਲਤ ਹੋਵੇ, ਉਹ ਵੀ ਉਸ ਕੀੜੇ ਦੇ ਬਰਾਬਰ ਨਹੀਂ ਜੋ ਆਪਣੇ ਰਚਨਹਾਰ ਨੂੰ ਨਹੀਂ ਭੁੱਲਦਾ। ਹੋਣਾ ਜਾਂ ਨਾ ਹੋਣਾ ਦੈਵੀ ਕਿਰਪਾ 'ਤੇ ਨਿਰਭਰ ਕਰਦਾ ਹੈ।

ਧਿਆਨ ਅਤੇ ਮਨਨ ਤੋਂ ਬਿਨਾ ਵਿਛੋੜਾ ਹੈ। ਕਿਸੇ ਜੀਵ ਦੀ ਅਸਲੀ ਹਸਤੀ ਉਸਦੇ ਦੈਵੀ ਹੁਕਮ ਅਨੁਸਾਰ ਹੁੰਦੀ ਹੈ।

*ਅੰਤੁ ਨ ਸਿਫਤੀ ਕਹਣਿ ਨ ਅੰਤੁ॥ ਅੰਤੁ ਨ ਕਰਣੈ ਦੇਣਿ ਨ ਅੰਤ॥*
*ਅੰਤੁ ਨ ਵੇਖਣਿ ਸੁਣਣਿ ਨ ਅੰਤੁ॥*
*ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥*
*ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ॥*
*ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥*
*ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥*
*ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ॥*
*ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ॥੨੪॥*

ਦੈਵੀ ਸਰੂਪ ਦੀ ਸਿਫ਼ਤ ਅਤੇ ਵਰਣਨ ਦੀ ਕੋਈ ਹੱਦ ਨਹੀਂ। ਮਨੁੱਖੀ ਕਰਮਾਂ ਅਤੇ ਦਾਨ-ਪੁੰਨ ਦੀ ਵੀ ਕੋਈ

ਸੀਮਾ ਨਹੀਂ। ਜੋ ਕੁਝ ਅਸੀਂ ਦੇਖ ਸਕਦੇ ਹਾਂ ਅਤੇ ਸੁਣ ਸਕਦੇ ਹਾਂ, ਉਸ ਦੀ ਵੀ ਕੋਈ ਹੱਦ ਨਹੀਂ। ਧਿਆਨ ਅਤੇ ਮਨਨ ਦੀ ਵੀ ਕੋਈ ਹੱਦ ਨਹੀਂ। ਰੂਪਾਂ ਦੀ ਰਚਨਾ ਦੀ ਕੋਈ ਸੀਮਾ ਨਹੀਂ। ਇਸ ਦੇ ਵਿਸ਼ਾਲ ਵਿਸਤਾਰਾਂ ਦੀ ਕੋਈ ਹੱਦ ਨਹੀਂ।

ਅਨੇਕਾਂ ਲੋਕ ਇਸ ਦੀ ਅੰਤਿਮ ਹੱਦ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ, ਪਰ ਦੈਵੀ ਸ੍ਰਿਸ਼ਟੀ ਦੀਆਂ ਹੱਦਾਂ ਮਨੁੱਖੀ ਸਮਝ ਤੋਂ ਪਰ੍ਹੇ ਹਨ। ਇਹ ਵਿਸਤਾਰ ਕਿਸੇ ਨੂੰ ਪੂਰੀ ਤਰ੍ਹਾਂ ਜਾਣੂ ਨਹੀਂ। ਜਿੰਨਾ ਵਧ ਮਨੁੱਖ ਵਰਣਨ ਕਰਦਾ ਹੈ, ਉਨਾ ਹੀ ਉਹ ਹੋਰ ਫੈਲਦਾ ਜਾਂਦਾ ਹੈ।

ਰਚਨਹਾਰ ਮਹਾਨ ਹੈ ਅਤੇ ਉਸ ਤੋਂ ਵੀ ਮਹਾਨ ਉਸ ਦੀ ਰਚਨਾ ਹੈ। ਉੱਚੀਆਂ ਤੋਂ ਉੱਚੀਆਂ ਅਵਸਥਾਵਾਂ ਹਨ। ਕੇਵਲ ਉਹੀ ਮਨੁੱਖ ਜੋ ਉਸ ਬ੍ਰਹਿਮੰਡੀ ਅਵਸਥਾ ਤੱਕ ਉੱਪਰ ਉੱਠਦਾ ਹੈ, ਉਸ ਦੇ ਭੇਦਾਂ ਨੂੰ ਸਮਝ ਸਕਦਾ ਹੈ। ਰਚਨਹਾਰ ਆਪਣੀ ਰਚਨਾ ਤੋਂ ਉੱਚਾ ਹੈ। ਕੇਵਲ ਉਹੀ ਜਿਨ੍ਹਾਂ 'ਤੇ ਰਚਨਹਾਰ ਦੀ ਕਿਰਪਾ ਹੁੰਦੀ ਹੈ, ਉਸ ਦੀ ਸ੍ਰਿਸ਼ਟੀ ਦੇ ਹੁਕਮ ਨੂੰ ਅਪਣਾਉਂਦੇ ਹਨ।

*ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥*
*ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ॥ ਕੇਤੇ ਖਪਿ ਤੁਟਹਿ ਵੇਕਾਰ॥*
*ਕੇਤੇ ਲੈ ਲੈ ਮੁਕਰੁ ਪਾਹਿ॥ ਕੇਤੇ ਮੂਰਖ ਖਾਹੀ ਖਾਹੀ॥*
*ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥*
*ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ ॥*
*ਜੇ ਕੋ ਖਾਇਕੁ ਆਖਣਿ ਪਾਇ॥ ਓਹੁ ਜਾਣੈ ਜੇਤੀਆ ਮੁਹਿ ਖਾਇ॥*
*ਆਪੇ ਜਾਣੈ ਆਪੇ ਦੇਇ॥ ਆਖਹਿ ਸਿ ਭਿ ਕੇਈ ਕੇਇ॥*
*ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥੨੫॥*

ਅਨੇਕਾਂ ਉਹ ਹਨ ਜੋ ਹਮੇਸ਼ਾ ਦਿਆਲੂ ਅਤੇ ਦਾਨੀ ਹਨ। ਉਹ ਗਿਣਤੀ ਤੋਂ ਪਰ੍ਹੇ ਹਨ। ਅਨੇਕਾਂ ਵੀਰ ਯੋਧੇ ਹਨ। ਬਹੁਤ ਸਾਰੇ ਦਇਆਵਾਨ ਮਨੁੱਖ ਹਨ। ਪਰ ਅਜਿਹੇ ਵੀ ਹਨ ਜੋ ਕਦੇ ਦੂਜਿਆਂ ਦੀ ਪਰਵਾਹ ਨਹੀਂ ਕਰਦੇ। ਅਣਗਿਣਤ ਮੂਰਖ ਹਨ। ਅਨੇਕਾਂ ਉਹ ਹਨ ਜੋ ਸਦਾ ਦੁੱਖ ਅਤੇ ਕਲੇਸ਼ ਸਹਿੰਦੇ ਰਹਿੰਦੇ ਹਨ। ਉਨ੍ਹਾਂ ਦਾ ਹਿੱਸਾ ਵੀ ਰਚਨਹਾਰ ਦੀ ਬਖ਼ਸ਼ਿਸ਼ ਹੀ ਹੈ।

ਗਿਆਨੀ ਦੁੱਖ ਸਹਿੰਦੇ ਹਨ ਪਰ ਕਦੇ ਸ਼ਿਕਾਇਤ ਨਹੀਂ ਕਰਦੇ। ਸੁਖ ਅਤੇ ਦੁੱਖ ਇਕੋ ਮਨੋ-ਅਵਸਥਾ ਦੇ ਦੋ ਪੱਖ ਹਨ। ਮਨੁੱਖ ਨੂੰ ਬ੍ਰਹਿਮੰਡੀ ਉਥਲ-ਪੁਥਲ ਦੇ ਹੁਕਮ ਅਨੁਸਾਰ ਹੀ ਜੀਉਣਾ ਚਾਹੀਦਾ ਹੈ।

ਕੁਝ ਲੋਕ ਆਪਣੇ ਮਨ ਦੇ ਕੈਦਖਾਨਿਆਂ ਵਿਚ ਫਸੇ ਰਹਿੰਦੇ ਹਨ। ਕੁਝ ਅਜੇਹੇ ਹਨ ਜੋ ਦੇਹ ਅਤੇ ਆਤਮਾ ਦੀ ਆਜ਼ਾਦੀ ਦਾ ਆਨੰਦ ਮਾਣਦੇ ਹਨ। ਰਚਨਹਾਰ ਉਨ੍ਹਾਂ ਨੂੰ ਸੁਖ ਅਤੇ ਕਿਰਪਾ ਨਾਲ ਨਿਵਾਜ਼ਦਾ ਹੈ। ਜੋ ਲੋਕ ਦੈਵੀ ਸਿਧਾਂਤ ਦਾ ਪਾਲਣ ਨਹੀਂ ਕਰਦੇ, ਜੋ ਬ੍ਰਹਿਮੰਡੀ ਕ੍ਰਮ ਨਾਲ ਸੁਰ ਨਹੀਂ ਮਿਲਾਉਂਦੇ, ਉਹ ਆਪਣੇ ਕਰਮਾਂ ਦੇ ਫਲ ਭੋਗਦੇ ਹਨ।

ਬ੍ਰਹਿਮੰਡੀ ਲੈਅ ਅਤੇ ਤੱਤ 'ਤੇ ਧਿਆਨ ਅਤੇ ਮਨਨ ਇਕ ਅਡੋਲ ਅਤੇ ਸ਼ਾਂਤ ਜੀਵਨ ਵੱਲ ਲੈ ਜਾਂਦਾ ਹੈ। ਜਿਨ੍ਹਾਂ 'ਤੇ ਰਚਨਹਾਰ ਦੀ ਕਿਰਪਾ ਹੁੰਦੀ ਹੈ, ਉਹ ਖੁਸ਼ ਰਹਿੰਦੇ ਹਨ।

*ਅਮੁਲੁ ਗੁਣ ਅਮੁਲੁ ਵਾਪਾਰ ॥ ਅਮੁਲੁ ਵਾਪਾਰੀਏ ਅਮੁਲੁ ਭੰਡਾਰ॥*
*ਅਮੁਲੁ ਆਵਹਿ ਅਮੁਲੁ ਲੈ ਜਾਇ ॥ ਅਮੁਲੁ ਭਾਇ ਅਮੁਲਾ ਸਮਾਹਿ ॥*
*ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥*
*ਅਮੁਲੁ ਬਖਸੀਸ ਅਮੁਲੁ ਨੀਸਾਣੁ॥ ਓਮੁਲੁ ਕਰਮੁ ਅਮੁਲੁ ਫੁਰਮਾਣ ॥*
*ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ॥*
*ਆਖਹਿ ਵੇਦ ਪਾਠ ਪੁਰਾਣੁ॥ ਆਖਹਿ ਪੜੇ ਕਰਹਿ ਵਖਿਆਣ॥*
*ਆਖਹਿ ਬਰਮੇ ਆਖਹਿ ਇੰਦ॥ ਆਖਹਿ ਗੋਪੀ ਤੈ ਗੋਬਿੰਦ॥*
*ਆਖਹਿ ਈਸਰ ਆਖਹਿ ਸਿਧ॥ ਆਖਹਿ ਕੇਤੇ ਕੀਤੇ ਬੁਧ ॥*
*ਆਖਹਿ ਦਾਨਵ ਆਖਹਿ ਦੇਵ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥*
*ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥*
*ਏਤੇ ਕਿਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥*


**www.sanvad.org**
ISSN : 2395-1273

*ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥*
*ਜੇ ਕੋ ਆਖੈ ਬੋਲੁਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥ ॥੨੬॥*

ਇਸ ਮਨੁੱਖੀ ਜਗਤ ਵਿਚ ਅਨੇਕਾਂ ਕੀਮਤੀ ਚੀਜ਼ਾਂ ਹਨ। ਅਨੇਕਾਂ ਵਪਾਰੀ ਹਨ ਜੋ ਇਮਾਨਦਾਰ ਹਨ ਅਤੇ ਸਦਾਚਾਰੀ ਜੀਵਨ ਜੀਊਂਦੇ ਹਨ। ਧਰਮਾਤਮਾ ਮਨੁੱਖ ਹਨ ਜੋ ਆਪਣਾ ਜੀਵਨ ਸੁਰਤਾਲ ਅਤੇ ਸ਼ਾਂਤੀ ਵਿਚ ਬਿਤਾਉਂਦੇ ਹਨ। ਉਹ ਬਿਨਾ ਕਿਸੇ ਧੋਖੇ ਦੇ ਇਸ ਸੰਸਾਰ ਤੋਂ ਰੁਖ਼ਸਤ ਹੁੰਦੇ ਹਨ। ਉਹ ਸੱਚੇ ਧਰਮ ਦਾ ਪਾਲਣ ਕਰਦੇ ਹਨ। ਦੈਵੀ ਜੋ ਇਸ ਸ੍ਰਿਸ਼ਟੀ ਦੇ ਹਰ ਕਰਮ, ਹਰ ਕਦਮ ਲਈ ਜ਼ਿੰਮੇਦਾਰ ਹੈ। ਸਾਡੀਆਂ ਨਮਸਕਾਰਾਂ ਉਸ ਬ੍ਰਹਿਮੰਡ ਤਾਕਤ, ਉਸ ਅਬਿਨਾਸੀ ਊਰਜਾ ਨੂੰ ਹਨ।

ਇਸ ਸ੍ਰਿਸ਼ਟੀ ਦਾ ਨਾ ਕੋਈ ਆਰੰਭ ਹੈ ਅਤੇ ਨਾ ਕੋਈ ਅੰਤ। ਯੁਗਾਂ-ਯੁਗਾਂ ਤੱਕ ਇਸ ਵਿਚ ਨਿਰੰਤਰਤਾ ਅਤੇ ਅਨੰਤਤਾ ਬਣੀ ਰਹਿੰਦੀ ਹੈ।

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥*
*ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥*
*ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥*
*ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥*
*ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥*
*ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥*
*ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥*
*ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥*
*ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾਂ ਨਾਲੇ॥*
*ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾਂ ਮਛ ਪਇਆਲੇ॥*
*ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥*
*ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥*
*ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥*
*ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਚੇ ਤੇਰੇ ਭਗਤ ਰਸਾਲੇ॥*
*ਹੋਰ ਕੇਤੇ ਗਾਵਨਿ ਸੇ ਮੈਂ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥*
*ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥*
*ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥*
*ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥*
*ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥*
*ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥*
*ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥੨੭॥*

ਇਸ ਰਚਨਾ ਵਿਚ ਗੁਰੂ ਨਾਨਕ ਜੀ ਉਹਨਾਂ ਲੋਕਾਂ ਦੀ ਤਸਵੀਰ ਪੇਸ਼ ਕਰਦੇ ਹਨ ਜੋ ਧਿਆਨ ਅਤੇ ਚਿੰਤਨ ਵਿਚ ਲੀਨ ਹਨ ਅਤੇ ਵੱਖ ਵੱਖ ਪੜਾਵਾਂ ਵਿਚ ਰਸਮੀ ਉਪਾਸਨਾ ਕਰ ਰਹੇ ਹਨ। ਇਹ ਉਹ ਖੇਤਰ ਹੈ ਜਿੱਥੇ ਦੈਵੀ ਸੰਗੀਤ ਹੈ, ਜਿੱਥੇ ਦੈਵੀ ਧੁਨਾ ਬ੍ਰਹਿਮੰਡੀ ਭਜਨਾਂ ਦਾ ਅਨੁਸਰਨ ਕਰਦੀਆਂ ਹਨ। ਸਾਰਾ ਬ੍ਰਹਿਮੰਡ-ਹਵਾ, ਪਾਣੀ, ਧਰਤੀ, ਅੱਗ, ਦੇਵਤੇ, ਧਰਮਰਾਜ, ਚਿਤ੍ਰ ਅਤੇ ਗੁਪਤ-ਸਭ ਦਿਵਿਆ ਲੈਅ ਦਾ ਪਾਲਣ ਕਰਦੇ ਹਨ। ਹਿੰਦੂ ਧਰਮ ਦੇ ਪ੍ਰਮੁੱਖ ਦੇਵਤੇ-ਈਸ਼ਰ, ਬ੍ਰਹਮਾ ਅਤੇ ਦੇਵੀ ਸਾਰੇ ਆਪਣੇ ਸ੍ਰਿਸ਼ਟੀਕਰਤਾ ਦੀ ਸੇਵਾ ਅਤੇ ਭਗਤੀ ਵਿਚ ਮੌਜੂਦ ਹਨ। ਸਿੱਧ ਅਤੇ ਰਿਸ਼ੀ ਬ੍ਰਹਿਮੰਡੀ ਸ਼ਕਤੀਆਂ ਦੇ ਸਭ ਤੋਂ ਗੂੜ੍ਹੇ ਰਹੱਸਾਂ 'ਤੇ ਧਿਆਨ ਲਗਾਉਂਦੇ ਹਨ। ਉੱਥੇ ਚੇਲੇ, ਸੰਨਿਆਸੀ ਅਤੇ ਸਭ ਤੋਂ ਵੱਧ ਬ੍ਰਹਿਮੰਡੀ ਸੱਚ ਤੇ ਖੋਜੀ ਵੀ ਹਨ ਜੋ ਇਸ ਮਾਨਵੀ ਸੰਸਾਰ ਦੇ ਸਾਰੇ ਵਸਨੀਕਾਂ ਨਾਲ ਮਿਲ ਕੇ ਇਸ ਵਿਸ਼ਵ ਉਪਾਸਨਾ ਵਿਚ ਸ਼ਾਮਿਲ ਹੁੰਦੇ ਹਨ। ਸਾਰੇ ਧਾਰਮਿਕ ਕਰਮਕਾਂਡ, ਤੀਰਥ-ਯਾਤਰਾਵਾਂ ਅਤੇ ਪਵਿੱਤਰ ਇਸ਼ਨਾਨ ਸ੍ਰਿਸ਼ਟੀਕਰਤਾ ਦੀ ਕਿਰਪਾ ਪ੍ਰਾਪਤ ਕਰਨ ਲਈ ਕੀਤੇ ਜਾਂਦੇ ਹਨ। ਪਰ ਜੇ ਭਗਤ ਅਤੇ ਖੋਜੀ

ਉਸ ਦੀ ਮਰਜ਼ੀ, ਉਸ ਬ੍ਰਹਿਮੰਡੀ ਵਿਸ਼ਵ ਦੇ ਦਿਵਿਆ ਹੁਕਮ ਦਾ ਪਾਲਣ ਨਹੀਂ ਕਰਦੇ ਤਾਂ ਇਹ ਸਾਰੇ ਕਰਮਕਾਂਡ ਅਤੇ ਤਪੱਸਿਆ ਵਿਅਰਥ ਹਨ। ਜਿਵੇਂ ਉਹ ਚਾਹੁੰਦਾ ਹੈ, ਤਿਵੇਂ ਹੀ ਹੁਕਮ ਹੋ ਜਾਂਦਾ ਹੈ।

ਇਹ ਵਰਣਨ ਮਾਨਵੀ ਸੰਸਾਰ ਦਾ ਹੈ ਜੋ ਰਸਮੀ ਉਪਾਸਨਾ, ਅਰਥਾਤ ਸ੍ਰਿਸ਼ਟੀਕਰਤਾ ਦੀ ਭੌਤਿਕ ਭਗਤੀ ਵਿਚ ਲੀਨ ਹੈ। ਇਹ ਉਸ ਰਸਮੀ ਉਪਾਸਨਾ ਦੇ ਵਿਰੁੱਧ ਖੜ੍ਹਾ ਹੈ। ਬ੍ਰਹਿਮੰਡੀ ਗਿਆਨ, ਧਿਆਨ ਅਤੇ ਚਿੰਤਨ ਦਾ ਖੇਤਰ ਹੈ, ਜਿੱਥੇ ਬ੍ਰਹਿਮੰਡੀ ਸੱਚ ਦੀ ਪ੍ਰਾਪਤੀ ਹੀ ਇਕ ਮਾਤਰ ਉਦੇਸ਼ ਹੈ। ਗੁਰੂ ਨਾਨਕ ਦਾ ਪ੍ਰਭੂ ਨਿਰਾਕਾਰ ਅਤੇ ਇਕ ਹੈ। ਉਹ ਵੱਖ ਵੱਖ ਦੇਵਤਾ ਅਤੇ ਦੇਵੀਆਂ ਲਈ ਕੋਈ ਥਾਂ ਨਹੀਂ। ਇਹ ਦੇਵਤੇ ਦਰਅਸਲ ਬ੍ਰਹਿਮੰਡੀ ਸ਼ਕਤੀਆਂ ਦੇ ਪ੍ਰਤੀਕ ਮੰਨੇ ਜਾਂਦੇ ਹਨ ਪਰ ਪ੍ਰਤੀਕਾਤਮਕ ਚਿੰਨ੍ਹਾਂ ਅਤੇ ਨਿਸ਼ਾਨੀਆਂ ਹੋਣ ਦੀ ਬਜਾਇ, ਮਾਨਵੀ ਸੰਸਾਰ ਨੇ ਉਹਨਾਂ ਨੂੰ ਭੌਤਿਕ ਮੰਦਰਾਂ ਵਿਚ ਬਦਲ ਦਿੰਦਾ ਹੈ।

*ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥*
*ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥*
*ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥*
*ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੮॥*

ਗੁਰੂ ਨਾਨਕ ਜੀ ਯੋਗੀ ਅਤੇ ਸਨਿਆਸੀ ਨੂੰ ਦੱਸਦੇ ਹਨ ਕਿ ਕੰਨਾਂ ਵਿਚ ਮੁੰਦਰੇ ਪਾਉਣ ਅਤੇ ਤਪੱਸਿਆ ਦੇ ਫੱਟੇ ਕੱਪੜੇ ਪਹਿਨਣ ਵਰਗੇ ਯੋਗਿਕ ਚਿੰਨ੍ਹਾਂ ਦੀ ਥਾਂ ਮਨੁੱਖ ਨੂੰ ਸਥਿਰਤਾ ਅਤੇ ਸਾਦਗੀ ਭਰੀ ਜਿੰਦਗੀ ਨੂੰ ਅਪਣਾਉਣਾ ਚਾਹੀਦਾ ਹੈ। ਮਨੁੱਖ ਨੂੰ ਆਮ ਲੋਕਾਂ ਨੂੰ ਪ੍ਰਭਾਵਿਤ ਕਰਨ ਜਾਂ ਖੁਸ਼ ਕਰਨ ਲਈ ਭੌਤਿਕ ਕਸਰਤਾਂ ਕਰਨ ਦੀ ਬਜਾਇ ਬ੍ਰਹਿਮੰਡ ਦੇ ਅੰਤਿਮ ਭੇਦ 'ਤੇ ਧਿਆਨ ਅਤੇ ਚਿੰਤਨ ਕਰਨਾ ਚਾਹੀਦਾ ਹੈ। ਫਕੀਰ ਦੀ ਲਾਠੀ ਵਿਸ਼ਵਾਸ ਅਤੇ ਸ੍ਰਿਸ਼ਟੀਕਰਤਾ ਦੀ ਦਇਆ ਦਾ ਪ੍ਰਤੀਕ ਹੋਣੀ ਚਾਹੀਦੀ ਹੈ। ਸੱਚਾ ਧਰਮ, ਸੱਚਾਈ ਅਤੇ ਧਾਰਮਿਕਤਾ ਦਾ ਰਸਤਾ ਹੈ। ਆਪਣੇ ਸਰੀਰ ਨੂੰ ਕਸ਼ਟ ਦੇਣ ਦੀ ਥਾਂ ਮਨੁੱਖ ਨੂੰ ਆਪਣੇ ਮਨ ਤੇ ਕਾਬੂ ਪਾਉਣਾ ਚਾਹੀਦਾ ਹੈ। ਅਸਲੀ ਜਿੱਤ ਮਨ ਅਤੇ ਬੁੱਧੀ ਦੀ ਜਿੱਤ ਹੈ। ਸ੍ਰਿਸ਼ਟੀਕਰਤਾ ਨਿਰਾਕਾਰ ਹੈ। ਉੱਚੇ ਸੱਚ ਦੇ ਖੇਤਰ ਵਿਚ ਇਸ ਬ੍ਰਹਿਮੰਡ ਦਾ ਮਾਲਕ ਵਸਦਾ ਹੈ।

*ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥*
*ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥*
*ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥*
*ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੯॥*

ਧਿਆਨ ਅਤੇ ਚਿੰਤਨ ਵਿਚ ਬ੍ਰਹਿਮੰਡੀ ਲੈਅ ਅਤੇ ਤਰਕ ਮੌਜੂਦ ਹੈ। ਸ੍ਰਿਸ਼ਟੀਕਰਤਾ ਆਪਣੀ ਸਾਰੀ ਰਚਨਾ ਦਾ ਮਾਲਕ ਹੈ। ਕੁਝ ਸੰਨਿਆਸੀ ਹਨ ਜੋ ਬ੍ਰਹਿਮੰਡੀ ਧੁਨਾ ਦੀ ਸੰਗੀਤ ਦਾ ਪਾਲਣ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹਨਾਂ ਦੇ ਸੰਗੀਤ ਵਿਚ ਮਿਲਾਪ ਅਤੇ ਵਿਛੋੜੇ, ਰਚਨਾ ਅਤੇ ਵਿਨਾਸ਼ ਹੈ। ਉਸ ਸਰਬਸ਼ਕਤੀਮਾਨ ਸ੍ਰਿਸ਼ਟੀਕਰਤਾ ਨੂੰ ਨਮਸਕਾਰ ਹੈ ਜੋ ਇਸ ਬ੍ਰਹਿਮੰਡ ਦਾ ਮਾਲਕ ਹੈ। ਉਸ ਦਾ ਸੱਚ, ਉਸ ਦੀ ਭਗਤੀ ਅਤੇ ਉਸਦੀ ਬੁੱਧੀ ਸਾਰੇ ਅੰਦਾਜਿਆਂ ਤੋਂ ਪਰ੍ਹੇ ਹਨ। ਉਹ ਸਦੀਵੀ ਸ਼ਕਤੀ ਹੈ, ਯੁਗਾਂ ਯੁਗੰਤਰਾਂ ਤੱਕ ਰਹਿਣ ਵਾਲੀ ਅਨੰਤ ਊਰਜਾ ਹੈ। ਉਸ ਦੀ ਸਰਵ ਵਿਆਪਕਤਾ ਸਾਰੇ ਹਿਸਾਬਾਂ ਤੋਂ ਪਰ੍ਹੇ ਹੈ।

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥*
*ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਓਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੦॥*

ਗੁਰੂ ਨਾਨਕ ਜੀ ਇਸ ਬ੍ਰਹਿਮੰਡ ਦੀ ਮਿਥਿਹਾਸਿਕ ਰਚਨਾ ਦਾ ਵਰਣਨ ਜਾਰੀ ਰੱਖਦੇ ਹਨ। ਇਕ ਮਾਂ ਤੋਂ ਤਿੰਨ ਚੇਲੇ, ਤਿੰਨ ਕਾਰਜਕਾਰੀ ਤੱਤ ਜਨਮ ਲੈਂਦੇ ਹਨ। ਇਹ ਹਨ-ਸ੍ਰਿਸ਼ਟੀ ਰਚਣ ਵਾਲਾ, ਰੱਖਿਆ ਕਰਨ ਵਾਲਾ ਅਤੇ ਨਾਸ ਕਰਨ ਵਾਲਾ। ਇਹ ਤਿੰਨ ਬ੍ਰਹਿਮੰਡੀ ਸ਼ਕਤੀਆਂ ਹਿੰਦੂ ਧਰਮ ਦੇ ਤਿੰਨ ਦੇਵਤਿਆਂ ਵਿਚ ਪਰਿਵਰਤਿਤ ਹੋ ਜਾਂਦੀਆਂ ਹਨ। ਇਹ ਅਮੂਰਤ ਸ਼ਕਤੀਆਂ ਭੌਤਿਕ ਰੂਪਾਂ ਵਿਚ ਪੇਸ਼ ਕੀਤੀਆਂ ਜਾਂਦੀਆਂ ਹਨ ਅਤੇ ਉਹਨਾਂ ਦੀ ਪੂਜਾ ਕੀਤੀ ਜਾਂਦੀ ਹੈ। ਬ੍ਰਹਿਮੰਡ ਸ੍ਰਿਸ਼ਟੀਕਰਤਾ ਦੇ ਹੁਕਮ ਦਾ ਪਾਲਣ ਕਰਦਾ ਹੈ। ਇਸ ਵਿਚ ਕੋਈ ਭੌਤਿਕ ਤੱਤ ਨਹੀਂ ਜੋ ਇਸ ਦਾ ਕਾਰਣ ਹੋਵੇ। ਇਹ ਸ੍ਰਿਸ਼ਟੀ ਕਰਤਾ ਦੀ ਬ੍ਰਹਿਮੰਡੀ ਦ੍ਰਿਸ਼ਟੀ ਹੈ, ਜੋ ਇਸ ਬ੍ਰਹਿਮੰਡ ਦੀ ਹਰ


**www.sanvad.org**
ISSN : 2395-1273

ਕਾਰਵਾਈ ਅਤੇ ਹਰ ਕਦਮ ਲਈ ਜ਼ਿੰਮੇਵਾਰ ਹੈ। ਸਾਡਾ ਨਮਸਕਾਰ ਉਸ ਬ੍ਰਹਿਮੰਡੀ ਸ਼ਕਤੀ ਅਤੇ ਊਰਜਾ ਲਈ ਹੈ। ਇਸ ਸ੍ਰਿਸ਼ਟੀ ਦਾ ਨਾਂ ਤਾਂ ਕੋਈ ਆਰੰਭ ਹੈ ਤੇ ਨਾ ਕੋਈ ਅੰਤ। ਯੁਗਾਂ-ਯੁਗਾਂ ਤੱਕ ਇਸ ਵਿਚ ਨਿਰੰਤਰਤਾ ਅਤੇ ਅਨੰਤਤਾ ਮੌਜੂਦ ਹੈ।

*ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ॥*
*ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥*
*ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੧॥*

ਦਿਵਿਆ ਲੋਕਾਂ ਵਿਚ ਪ੍ਰਕਾਸ਼ ਹੈ। ਇਹ ਸਾਰੀ ਸ੍ਰਿਸ਼ਟੀ ਇਕ ਬ੍ਰਹਿਮੰਡੀ ਉਚਾਰਨ ਦਾ ਨਤੀਜਾ ਹੈ। ਸ੍ਰਿਸ਼ਟੀਕਰਤਾ ਆਪਣੀ ਹੀ ਰਚਨਾ ਤੋਂ ਉਪਰ ਹੈ। ਉਹ ਪੂਰੇ ਬ੍ਰਹਿਮੰਡ ਨੂੰ ਵੇਖਦਾ ਹੈ। ਗੁਰੂ ਨਾਨਕ ਜੀ ਸੱਚੇ ਸ੍ਰਿਸ਼ਟੀਕਰਤਾ ਦੇ ਸੱਚ ਨੂੰ ਪੇਸ਼ ਕਰਦੇ ਹਨ। ਉਹ ਇਸ ਬ੍ਰਹਿਮੰਡੀ ਕਰਮ ਨੂੰ ਨਮਸਕਾਰ ਕਰਦੇ ਹਨ। ਉਹ ਦਿਵਿਆ ਦਰਸ਼ਨ ਦਾ ਵਰਣਨ ਕਰਦੇ ਹਨ ਜਿੱਥੇ ਨਾ ਕੋਈ ਆਰੰਭ ਹੈ ਅਤੇ ਨਾ ਕੋਈ ਅੰਤ ਹੈ।

*ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥ ਲਖ ਲਖ ਗੇੜਾ ਆਖੀਅਹਿ ਕੁ ਨਾਮੁ ਜਗਦੀਸ॥*
*ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥*
*ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥੩੨॥*

ਇਕ ਸ਼ਬਦ ਤੋਂ ਲੱਖਾਂ ਕਰੋੜਾਂ ਸ੍ਰਿਸ਼ਟੀਆਂ ਉਤਪੰਨ ਹੋਈਆਂ ਹਨ। ਲੱਖਾਂ-ਕਰੋੜਾਂ ਸ਼ਬਦ ਉਸ ਇਕ ਵਿਲੱਖਣ ਸ੍ਰਿਸ਼ਟੀਕਰਤਾ ਦੇ ਨਾਮ ਦਾ ਉਚਾਰਨ ਕਰਦੇ ਹਨ। ਇਹ ਦੈਵੀ ਵਚਨ ਕਿਸੇ ਵੀ ਮਨੁੱਖੀ ਬਿਆਨ ਤੋਂ ਪਰ੍ਹੇ ਹੈ। ਇਹ ਦੈਵੀ ਕਥਾਵਾਂ ਬਹੁਤ ਸਾਰੇ ਲੋਕਾਂ ਨੂੰ ਉਸੇ ਰਾਹ ਤੇ ਚੱਲਣ ਲਈ ਪ੍ਰੇਰਿਤ ਕਰਦੀਆਂ ਹਨ। ਗਿਆਨ ਤੋਂ ਸੱਖਣੇ ਅਤੇ ਗਰੀਬ ਲੋਕ ਨੇ ਵੀ ਇਸ ਦੈਵੀ ਵਚਨ ਦਾ ਪਾਲਣ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਸਫਲ ਨਾ ਹੋਏ। ਇਹ ਸਿਰਜਣਹਾਰੇ ਦੀ ਮਿਹਰ ਤੇ ਨਿਰਭਰ ਹੈ। ਭੇੜ ਚਾਲ ਕਿਸੇ ਪਾਸੇ ਨਹੀਂ ਲਗਾਉਂਦੀ।

*ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ॥*
*ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ॥*
*ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥*
*ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ ॥੩੩॥*

ਮਨੁੱਖ ਨਾ ਚੁੱਪ ਨੂੰ ਜ਼ਬਰਦਸਤੀ ਥੋਪ ਸਕਦਾ ਹੈ ਅਤੇ ਨਾ ਹੀ ਉਚਾਰਣ ਨੂੰ। ਨਾ ਹੀ ਦੇਣ-ਲੈਣ ਨੂੰ ਜ਼ਬਰ ਨਾਲ ਚਲਾਇਆ ਜਾ ਸਕਦਾ ਹੈ। ਨਾ ਜੀਵਨ ਨੂੰ ਮਜਬੂਰ ਕੀਤਾ ਜਾ ਸਕਦਾ ਹੈ ਅਤੇ ਨਾ ਮੌਤ ਨੂੰ। ਨਾ ਧਨ-ਦੌਲਤ ਨੂੰ ਜ਼ਬਰ ਨਾਲ ਹਾਸਲ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸ਼ਕਤੀ ਨੂੰ। ਬੁੱਧੀ, ਗਿਆਨ ਵੀ ਜ਼ੋਰ ਨਾਲ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਨਾ ਹੀ ਮੁਕਤੀ ਜਾਂ ਸੰਸਾਰਕ ਬੰਧਨਾਂ ਤੋਂ ਛੁਟਕਾਰਾ ਜ਼ਬਰ ਨਾਲ ਮਿਲਦਾ ਹੈ।

ਕੇਵਲ ਉਹੀ ਜਿਸ ਕੋਲ ਅਸਲੀ ਤਾਕਤ ਹੈ, ਵਰਣਨ ਕਰ ਸਕਦਾ ਹੈ ਅਤੇ ਹੁਕਮ ਜਾਰੀ ਕਰ ਸਕਦਾ ਹੈ। ਉਹੀ ਸਭ ਤੋਂ ਉੱਚਾ ਅਤੇ ਸਭ ਤੋਂ ਬੁੱਧੀਮਾਨ ਹੈ। ਜਿਵੇਂ ਉਹ ਚਾਹੁੰਦਾ ਹੈ, ਤਿਵੇਂ ਹੀ ਹੁਕਮ ਹੋ ਜਾਂਦਾ ਹੈ।

*ਰਾਤੀ ਰੁਤੀ ਥਤੀ ਵਾਰ॥*
*ਪਵਣ ਪਾਣੀ ਅਗਨੀ ਪਾਤਾਲ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥*
*ਤਿਸ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥*
*ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥*
*ਤਿਥੈ ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ ਨੀਸਾਣੁ॥*
*ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥੩੪॥*

ਹਰ ਕਿਸਮ ਦੇ ਰੁੱਤਾਂ ਹਨ, ਦਿਨ ਅਤੇ ਰਾਤਾਂ ਹਨ। ਨਦੀਆਂ ਹਨ ਅਤੇ ਪਾਤਾਲ ਲੋਕ ਹਨ। ਇਸ ਅਦਭੁਤ ਜਗਤ ਵਿਚ ਬ੍ਰਹਿਮੰਡ ਮੰਦਰ ਸਥਾਪਿਤ ਹੈ।

ਹਰ ਕਿਸਮ ਦੇ ਜੀਵ ਹਨ  ਜਿੰਦ ਅਤੇ ਨਿਰਜਿੰਦ। ਹਰ ਕਿਸਮ ਦੇ ਰੰਗ ਹਨ। ਉਨ੍ਹਾਂ ਦੇ ਅਨੋਖੇ ਨਾਮ ਅਤੇ ਪਹਿਚਾਣ ਹਨ। ਕਰਮ ਹਨ ਅਤੇ ਫੈਸਲੇ ਹਨ। ਕਿਰਿਆਵਾਂ ਹਨ ਅਤੇ ਵਿਚਾਰ ਹਨ।

ਸੱਚਾ ਰਚਨਹਾਰ ਆਪਣੇ ਸੱਚ ਦੇ ਧਾਮ ਵਿਚ ਵੱਸਦਾ ਹੈ। ਉੱਥੇ ਗਿਆਨੀ ਅਤੇ ਬੁਜ਼ੁਰਗ ਆਤਮਾਵਾਂ ਨਿਵਾਸ ਕਰਦੀਆਂ ਹਨ। ਉਹ ਰਚਨਹਾਰ ਦੀ ਕਿਰਪਾ ਨਾਲ ਨਿਵਾਜੀਆਂ ਹੋਈਆਂ ਹਨ। ਜਿਵੇਂ ਮਨੁੱਖ ਕਰਮ ਕਰਦਾ ਹੈ, ਤਿਵੇਂ ਹੀ ਫਲ ਪਾਉਂਦਾ ਹੈ। ਨਾਨਕ, ਐਸਾ ਹੀ ਬ੍ਰਹਿਮੰਡ ਹੁਕਮ ਹੈ।

*ਧਰਮ ਖੰਡ ਕਾ ਏਹੋ ਧਰਮੁ॥ ਗਿਆਨ ਖੰਡ ਕਾ ਆਖਹੁ ਕਰਮੁ॥*
*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥*
*ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥*
*ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥*
*ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥ ਕੇਤੀਆਂ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥੩੫॥*

ਕਰਮਾਂ ਅਤੇ ਫਰਜ਼ਾਂ ਦੇ ਖੇਤਰ ਤੋਂ ਬਾਅਦ ਅਸੀਂ ਗਿਆਨ ਦੇ ਖੇਤਰ ਵਿਚ ਪ੍ਰਵੇਸ਼ ਕਰਦੇ ਹਾਂ। ਇਸ ਮਨਨ ਅਤੇ ਚਿੰਤਨ ਦੇ ਖੇਤਰ ਵਿਚ ਅਣਗਿਣਤ ਪਾਣੀਆਂ ਅਤੇ ਅੱਗਾਂ ਹਨ, ਤਾਕਤਾਂ ਅਤੇ ਊਰਜਾਵਾਂ ਹਨ, ਜਿਨ੍ਹਾਂ ਨੂੰ ਵੱਖ-ਵੱਖ ਦੇਵਤਿਆਂ ਦੇ ਰੂਪ ਵਿਚ ਦਰਸਾਇਆ ਗਿਆ ਹੈ।

ਅਣਗਿਣਤ ਬ੍ਰਹਮਾ ਹਨ, ਜੋ ਰੂਪਾਂ ਅਤੇ ਆਕਾਰਾਂ ਦੇ ਰਚਨਹਾਰ ਮੰਨੇ ਜਾਂਦੇ ਹਨ। ਕੁਝ ਉਹ ਹਨ ਜੋ ਕਰਮਾਂ ’ਤੇ ਕੇਂਦ੍ਰਿਤ ਹਨ ਅਤੇ ਹੋਰ ਉਹ ਜੋ ਵਰਣਨ ਅਤੇ ਵਿਚਾਰ ਕਰਦੇ ਹਨ। ਅਣਗਿਣਤ ਸੂਰਜ ਅਤੇ ਚੰਦ੍ਰਮਾ ਹਨ, ਤਾਰੇ ਅਤੇ ਖੇਤਰ ਹਨ। ਅਣਗਿਣਤ ਬੁੱਧ ਅਤੇ ਸਿੱਧ ਹਨ, ਰਿਸ਼ੀ-ਮੁਨੀ ਹਨ, ਦੇਵਤੇ ਅਤੇ ਦੇਵੀਆਂ ਹਨ। ਅਣਗਿਣਤ ਦੇਵ ਅਤੇ ਦੈਤ ਹਨ। ਆਕਾਸ਼ੀ ਲੋਕਾਂ ਵਿਚ ਨਦੀਆਂ ਅਤੇ ਸਮੁੰਦਰ ਹਨ।

ਅਣਗਿਣਤ ਖੇਤਰ ਅਤੇ ਵਿਸ਼ਾਲ ਉਪਦੇਸ਼ ਹਨ। ਅਣਗਿਣਤ ਗੁਰੂ ਅਤੇ ਚੇਲੇ ਹਨ। ਇਸ ਵਿਸ਼ਾਲ ਪ੍ਰਕ੍ਰਿਤੀ ਦਾ ਕੋਈ ਅੰਤ ਨਹੀਂ। ਜੋ ਕੁਝ ਮਨੁੱਖ ਜਾਣ ਸਕਦਾ ਹੈ, ਸਮਝ ਸਕਦਾ ਹੈ, ਜਿਸ ’ਤੇ ਧਿਆਨ ਅਤੇ ਮਨਨ ਕਰ ਸਕਦਾ ਹੈ ਉਸ ਦਾ ਵੀ ਕੋਈ ਅੰਤ ਨਹੀਂ। ਇਸ ਬ੍ਰਹਿਮੰਡ ਖੇਤਰ ਵਿਚ ਬ੍ਰਹਿਮੰਡ ਦੀ ਸਰੂਪਤਾ ਦੀ ਪਹਿਚਾਣ ਅਤੇ ਸਮਝ ਬੇਅੰਤ ਹੈ।

*ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥*
*ਸਰਮ ਖੰਡ ਕੀ ਬਾਣੀ ਰੂਪੁ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥*
*ਤਾ ਕੀਆ ਗਲਾ ਕਥੀਆ ਨ ਜਾਹਿ॥ ਜੇ ਕੋ ਕਹੈ ਪਿਛੈ ਪਛੁਤਾਇ॥*
*ਤਿਥੈ ਘੜੀਐ ਸੁਰਤਿ ਮਤਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥੩੬॥*

ਗਿਆਨ ਦੇ ਖੇਤਰ ਵਿਚ ਗਿਆਨ ਦੀ ਖੋਜ ਹੀ ਸਰਵਉੱਚ ਹੈ। ਉੱਥੇ ਸੰਗੀਤ ਹੈ, ਉੱਥੇ ਸੰਤੁਲਨ ਹੈ।

ਸਰਮ ਖੰਡ ਵਿਚ ਰੂਪ ਦਾ ਰਾਜ ਹੈ। ਉੱਥੇ ਸਭ ਤੋਂ ਉੱਚੇ ਅਤੇ ਸੁੰਦਰ ਰੂਪ ਰਚੇ ਜਾਂਦੇ ਹਨ। ਉਨ੍ਹਾਂ ਦਾ ਵਰਣਨ ਕਿਸੇ ਵੀ ਬਿਆਨ ਤੋਂ ਪਰ੍ਹੇ ਹੈ। ਜੋ ਉਨ੍ਹਾਂ ਦੀ ਆਕ੍ਰਿਤੀ ਅਤੇ ਸਰੂਪ ਦਾ ਵਰਣਨ ਕਰਨ ਦੀ ਕੋਸ਼ਿਸ਼ ਕਰਦੇ ਹਨ, ਉਹ ਆਪਣੀ ਵਿਅਰਥ ਮਿਹਨਤ ’ਤੇ ਪਛਤਾਉਂਦੇ ਹਨ।

ਇਸ ਉੱਚਤਮ ਰੂਪਾਂ ਦੇ ਖੇਤਰ ਵਿਚ ਬੁੱਧੀ, ਦੈਵੀ ਮਨਨ ਅਤੇ ਵਿਚਾਰ ਦੀ ਰਚਨਾ ਹੁੰਦੀ ਹੈ। ਉੱਥੇ ਭਗਤ ਬ੍ਰਹਿਮੰਡ ਦੇ ਸਭ ਤੋਂ ਗੂੜ੍ਹੇ ਅਤੇ ਜਟਿਲ ਭੇਦਾਂ ਨੂੰ ਸਮਝਦੇ ਹਨ।

*ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥*
*ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥*
*ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥*
*ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥*
*ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥*
*ਸਚ ਖੰਡਿ ਵਸੈ ਨਿਰੰਕਾਰ॥ ਕਰਿ ਕਰਿ ਵੇਖੈ ਨਦਰਿ ਨਿਹਾਲ॥*
*ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥*
*ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥*
*ਵੇਖੈ ਵਿਗਸੈ ਕਰਿ ਵੀਚਾਰੁ॥ ਨਾਨਕ ਕਥਨਾ ਕਰੜਾ ਸਾਰੁ॥੩੭॥*

ਕਰਮ ਖੰਡ ਵਿਚ ਕੇਵਲ ਕਰਮ ਹੀ ਮਹੱਤਵ ਰੱਖਦੇ ਹਨ। ਉੱਥੇ ਧਰਮ ਅਤੇ ਪਵਿੱਤਰ ਕਾਰਜਾਂ ਲਈ ਸੰਘਰਸ਼ ਕਰਨ ਵਾਲੇ ਯੋਧੇ ਹਨ। ਅਨੇਕਾਂ ਦੇਵਤੇ ਅਤੇ ਦੇਵੀਆਂ ਦੇ ਰੂਪ ਹਨ। ਇਹ ਸੁੰਦਰ ਖੇਤਰ ਹਨ।

ਹਰ ਭਗਤ ਦੇ ਹਿਰਦੇ ਵਿਚ ਬ੍ਰਹਿਮੰਡ ਲੈਅ ਦੀ ਧੁਨ ਗੂੰਜਦੀ ਹੈ। ਇਹ ਅਨੰਤਤਾ ਦਾ ਖੇਤਰ ਹੈ। ਉੱਥੇ ਨਾ ਮੌਤ ਹੈ ਅਤੇ ਨਾ ਹੀ ਧੋਖਾ। ਭਗਤ ਦੈਵੀ ਧਿਆਨ ਵਿਚ ਲੀਨ ਰਹਿੰਦੇ ਹਨ। ਉੱਥੇ ਸ਼ਾਂਤੀ ਹੈ, ਅਡੋਲ ਮਨਨ ਹੈ ਅਤੇ ਆਨੰਦ ਹੈ।

*ਸੱਚ ਖੰਡਿ ਵਸੈ ਨਿਰੰਕਾਰੁ॥*

ਅਸੀਂ ਹੁਣ ਉਸ ਉੱਚਤਮ ਸੱਚ ਦੇ ਖੇਤਰ ਵਿਚ ਪਹੁੰਚਦੇ ਹਾਂ ਜਿੱਥੇ ਨਿਰਾਕਾਰ ਵੱਸਦਾ ਹੈ। ਇਸ ਚੇਤਨਾ ਦੇ ਖੇਤਰ ਵਿਚ ਬ੍ਰਹਿਮੰਡ ਆਨੰਦ ਅਤੇ ਦਇਆ ਪ੍ਰਗਟ ਹੈ। ਉੱਥੇ ਆਕਾਸ਼ੀ ਜੋਤਿ ਚਮਕ ਰਹੀ ਹੈ।

ਰਚਨਹਾਰ ਦੀ ਰਜ਼ਾ ਅਣਗਿਣਤ ਪ੍ਰਕ੍ਰਿਤੀ ਅਤੇ ਸਭਿਆਚਾਰ ਦੇ ਰੂਪ ਰਚਦੀ ਹੈ। ਉੱਥੇ ਬ੍ਰਹਿਮੰਡ ਮਨਨ ਹੈ। ਇਹ ਖੇਤਰ ਇੰਨਾ ਗੂੜ੍ਹਾ ਅਤੇ ਜਟਿਲ ਹੈ ਕਿ ਇਸ ਨੂੰ ਪੂਰੀ ਤਰ੍ਹਾਂ ਪਰਖਣਾ ਜਾਂ ਵੱਖਰਾ ਕਰਨਾ ਅਸੰਭਵ ਹੈ।

*ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥ ਭਉ ਖਲਾ ਅਗਨਿ ਤਪ ਤਾਉ॥*
*ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ॥*
*ਜਿਨ ਕਉ ਨਦਰਿ ਕਰਮੁ ਤਿਨ ਕਾਰ॥ ਨਾਨਕ ਨਦਰੀ ਨਦਰਿ ਨਿਹਾਲ॥੩੮॥*

ਅੰਤ ਵਿਚ ਗੁਰੂ ਨਾਨਕ ਸੁਨਿਆਰੇ ਦੀ ਉਪਮਾ ਵਰਤਦੇ ਹਨ। ਸੁਨਿਆਰੇ ਦੇ ਕਾਰਖਾਨੇ ਵਿਚ ਖ਼ਾਲਿਸ ਸੋਨਾ ਤਿਆਰ ਕੀਤਾ ਜਾਂਦਾ ਹੈ। ਅੱਗ ਨਾਲ ਧਾਤੂ ਨੂੰ ਸ਼ੁੱਧ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇ ਅਨੁਸਾਰ, ਸੱਚ ਦੇ ਖੋਜੀ ਨੂੰ ਬ੍ਰਹਿਮੰਡ ਦਾ ਪਵਿੱਤਰ ਅਤੇ ਉੱਚਤਮ ਗਿਆਨ ਪ੍ਰਾਪਤ ਹੁੰਦਾ ਹੈ।

ਬ੍ਰਹਿਮੰਡ ਸੱਚ ਧਿਆਨ ਅਤੇ ਮਨਨ ਦੇ ਕਾਰਖਾਨੇ ਵਿਚ ਵਿਦਮਾਨ ਹੁੰਦਾ ਹੈ। ਸੱਚਾ ਸ਼ਬਦ ਦੈਵੀ ਗਿਆਨ ਦੇ ਕਾਰਖਾਨੇ ਵਿਚ ਸਫ਼ਲ ਰੂਪ ਧਾਰਦਾ ਹੈ। ਇਹ ਉਸੇ ਦਾ ਹਿੱਸਾ ਹੈ ਜਿਸ ’ਤੇ ਰਚਨਹਾਰ ਆਪ ਕਿਰਪਾ ਕਰਦਾ ਹੈ।

ਇਹ ਗੱਲ ਮਹੱਤਵਪੂਰਨ ਹੈ ਕਿ ਗੁਰੂ ਨਾਨਕ ਦੀ ਇਸ ਧਾਰਮਿਕ ਵਿਚਾਰਧਾਰਾ ਵਿਚ ਨਿਰਾਕਾਰ ਸਰੂਪ ਵਾਲੇ ਰਚਨਹਾਰ ਦਾ ਸਿਧਾਂਤ ਹੈ। ਫਿਰ ਵੀ ਇਕ ਰਚਨਹਾਰ ਹੈ ਕਰਤਾ ਪੁਰਖ ਇਸ ਲਈ ਰਚਨਹਾਰ ਦਾ ਇਕ ਵਿਅਕਤੀਗਤ ਸੰਕਲਪ ਵੀ ਹੈ, ਜਿਸ ਦੀ ਕਿਰਪਾ ਭਗਤ ਨੂੰ ਅਸੀਸ ਦਿੰਦੀ ਹੈ ਅਤੇ ਜਿਸ ਅੱਗੇ ਭਗਤ ਅਰਦਾਸ ਕਰਦਾ ਹੈ।

*ਸਲੋਕੁ॥ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥*
*ਚੰਗਿਆਈਆ ਬੁਰਿਆਈਆਂ ਵਾਚੈ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥*
*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕਹਤੀ ਛੁਟੀ ਨਾਲ॥੧॥*

ਸੰਖੇਪ ਵਿੱਚ, ਗੁਰੂ ਜੀ ਬ੍ਰਹਿਮੰਡ ਦੀ ਧੜਕਦੀ ਅਤੇ ਕੰਪਨਸ਼ੀਲ ਜੀਵਨ-ਧਾਰਾ ਨੂੰ ਪ੍ਰਗਟ ਕਰਦੇ ਹਨ। ਹਵਾ ਗੁਰੂ ਹੈ, ਪਾਣੀ ਪਿਤਾ ਹੈ ਅਤੇ ਧਰਤੀ ਮਾਤਾ ਹੈ। ਦਿਨ ਅਤੇ ਰਾਤ ਦੇ ਹੱਥਾਂ ਵਿਚ ਇਹ ਸੰਸਾਰ ਖੇਡ ਰਿਹਾ ਹੈ। ਇਹ ਮਨੁੱਖੀ ਜਗਤ ਇਕ ਖੇਡ-ਮੈਦਾਨ ਹੈ।

ਇਸ ਮਨਨ ਦੇ ਅਕਾਸ ਵਿਚ ਚੰਗੇ ਅਤੇ ਮੰਦੇ ਕਰਮਾਂ ਨੂੰ ਰਚਨਹਾਰ ਵੱਲੋਂ ਦੇਖਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਫਲ ਦਿੱਤਾ ਜਾਂਦਾ ਹੈ। ਜਿਵੇਂ ਮਨੁੱਖ ਬੀਜ ਬੀਜਦਾ ਹੈ, ਤਿਵੇਂ ਹੀ ਫਲ ਪਾਉਂਦਾ ਹੈ। ਸਭ ਕੁਝ ਮਨੁੱਖ ਦੇ ਕਰਮਾਂ ’ਤੇ ਨਿਰਭਰ ਕਰਦਾ ਹੈ।

ਜੋ ਲੋਕ ਬ੍ਰਹਿਮੰਡ ਦੀ ਸਰੂਪਤਾ ਅਤੇ ਉਸ ਦੇ ਰਹੱਸ ’ਤੇ ਧਿਆਨ ਅਤੇ ਮਨਨ ਕਰਦੇ ਹਨ, ਉਹ ਬ੍ਰਹਿਮੰਡ ਹੁਕਮ ਦਾ ਪਾਲਣ ਕਰਦੇ ਹਨ। ਉਹ ਕਿਰਪਾਲੂ ਬਣਾਏ ਜਾਂਦੇ ਹਨ। ਉਹ ਰਚਨਹਾਰ ਦੀ ਬਖ਼ਸ਼ਿਸ਼ ਨਾਲ ਨਿਵਾਜੇ ਜਾਂਦੇ ਹਨ।

✧